# ਗੁਰਬਾਣੀ ਉਪਮਾ

## ਸਤਿਸੰਗ

**ਆਸਾ ਮਹਲਾ ੫ ॥ (ਅੰਗ 378)**

**ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤੁ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਟਰਾਂਟੋ, ਵੈਨਕੂਅਰ (ਕਨੇਡਾ) ਦੀ ਸੰਗਤ, ਭਾਈ ਗੁਰਮੀਤ ਸਿੰਘ ਅਟਵਾਲ ਯੂ.ਕੇ, ਭਾਈ ਜਸਵੰਤ ਸਿੰਘ ਦੁਬਈ, ਭਾਈ ਬਲਜੀਤ ਸਿੰਘ ਇਟਲੀ, ਮਾਲਿਕਾਨ ਕਾਕਾਭੂ ਰੈਸਟੋਰੈਂਟ, ਫ਼ਰੈਂਕਫੋਰਡ ਜਰਮਨੀ, ਭਾਈ ਬਿਕਰਮਜੀਤ ਸਿੰਘ ਬਿੱਕਾ ਜਰਮਨੀ, ਭਾਈ ਅਮਰੀਕ ਸਿੰਘ, ਭਾਈ ਕੁਲਵਿੰਦਰ ਸਿੰਘ ਨਿਵਾਸੀ ਨਿਊਜਰਸੀ ਇਹਨਾਂ ਸਭ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਲ ਮਿਲ ਕੇ ਸਰੰਬਸ ਦਾਨੀ, ਅੰਮ੍ਰਿਤ ਦੇ ਦਾਤੇ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 345 ਵੇਂ ਪਾਵਨ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਣ ਲਈ ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਅਖੰਡ ਪਾਠ ਅਰੰਭ ਕਰਵਾਇਆ ਸੀ, ਜੋ ਅੱਜ ਹਜ਼ੂਰ ਦੀ ਕਿਰਪਾ ਸਦਕਾ ਨਿਰਵਿਘਨ ਸੰਪੂਰਨ ਹੋਇਆ ਅਤੇ ਭੋਗ ਪਾਏ ਗਏ। ਭੋਗ ਉਪਰੰਤ ਹੁਕਮਨਾਮਾ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਆਇਆ ਹੈ।

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਦਸਵੇਂ ਪਾਤਿਸ਼ਾਹ ਜੀ ਦੇ 345ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਅਸੀਂ ਹਜ਼ੂਰ ਕਲਗੀਆਂ ਵਾਲੇ ਦਸਵੇਂ ਪਾਤਿਸ਼ਾਹ ਜੀ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਦੀ ਕਿਰਪਾ, ਹਜ਼ੂਰ ਦੀ ਕਿਰਪਾ, ਅਤੇ ਗੁਰਬਾਣੀ ਦੀ ਬਖ਼ਸ਼ਿਸ਼ ਸਦਕਾ ਸਵੇਰੇ ਅਦੁੱਤੀ ਪ੍ਰਭਾਤ ਫੇਰੀ ਦਾ ਅਰੰਭ ਹੋਇਆ ਸੀ ਅਤੇ ਹਜ਼ੂਰ ਦੀ ਕਿਰਪਾ ਸਦਕਾ ਨਿਰਵਿਘਨ ਸੰਪੂਰਨ ਹੋਇਆ। ਇਸ ਵਾਸਤੇ ਵੀ ਸੰਗਤ ਨੂੰ ਬਹੁਤ-ਬਹੁਤ ਵਧਾਈ ਹੈ ਕਿਉਂਕਿ ਸੰਗਤ ਨੇ ਬਹੁਤ ਹੀ ਡਿਸਿਪਲਨ ਵਿੱਚ ਰਹਿ ਕੇ ਇਹ ਕਾਰਜ ਕੀਤਾ। ਸਾਰੇ ਕੰਮਾਂ ਵਾਸਤੇ ਹੀ ਅਸੀਂ ਹਜ਼ੂਰ ਕੋਲ ਅਰਦਾਸ ਕਰਦੇ ਹਾਂ ਕਿ

*ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥*

*ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥*

*(ਅੰਗ 816-17)*

ਫੇਰ ਹਜ਼ੂਰ ਰਖਵਾਲੇ ਬਣ ਕੇ ਹਰ ਤਰ੍ਹਾਂ ਨਾਲ ਸਹਾਇਤਾ ਕਰਦੇ ਹਨ। ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰਿਆਂ ਨੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾਉਣਾ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਐ ਦੁਨੀਆਂ ਵਾਲਿਓ! ਗੁਰਸਿੱਖੋ! ਤੁਸੀਂ ਉਸ ਮਾਲਿਕ ਪਾਸ ਅਰਦਾਸ, ਬੇਨਤੀ, ਜੋਦੜੀ ਕਰਿਆ ਕਰੋ ਕਿ ਸੱਚੇ ਪਾਤਿਸ਼ਾਹੋ! ਤੁਹਾਡੇ ਤੋਂ ਬਗੈਰ ਮੇਰਾ ਹੋਰ ਕੋਈ ਸਹਾਰਾ ਜਾਂ ਆਸਰਾ ਨਹੀਂ ਹੈ, ਧਿਰ ਨਹੀਂ ਹੈ। ਹਜ਼ੂਰ ਤੁਸੀਂ ਹਮੇਸ਼ਾ ਹੀ ਮੇਰੇ ਮਨ ਵਿੱਚ ਵਾਸਾ ਕਰਿਉ, ਇਸ ਵਿੱਚ ਬਿਰਾਜਮਾਨ ਰਹਿਉ, ਇਸ ਉੱਪਰ ਬਖਸ਼ਿਸ਼ ਕਰਿਓ। ਕਿਉਂਕਿ ਮਨ ਕਿਸੇ ਦੇ ਵੱਸ ਨਹੀਂ ਹੈ।

*ਮਨ ਤੇ ਹਾਰੇ ਹਾਰ ਗਏ ਬ੍ਰਹਮਾ ਵਿਸ਼ਨੁ ਮਹੇਸ਼।*
*ਮਨ ਕੇ ਮਤੇ ਨਾ ਚਾਲੀਏ ਮਨ ਕੇ ਫੰਧ ਅਨੇਕ।*
*ਜੋ ਮਨ ਪਰ ਸਵਾਰ ਹੈ ਸੋ ਵਿਰਲਾ ਕੋਈ ਏਕ।*

ਹਜ਼ੂਰ! ਤੁਹਾਡੇ ਤੋਂ ਬਗੈਰ ਮੇਰਾ ਹੋਰ ਕੋਈ ਨਹੀਂ ਹੈ। ਇਸ ਕਰਕੇ ਹਮੇਸ਼ਾ ਮੇਰੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖਿਉ ਮੇਰੇ ਮਨ ਵਿੱਚ ਵਾਸਾ ਕਰਿਉ।

**ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥**

ਸੱਚੇ ਪਾਤਿਸ਼ਾਹੋ! ਤੁਸੀਂ ਮੇਰੇ ਸੱਜਣ ਹੋ, ਚੌਵੀ ਘੰਟੇ ਮੇਰੇ ਨਾਲ ਰਹਿੰਦੇ ਹੋ। ਪਰ ਮੇਰਾ ਮਨ ਡਰਦਾ ਰਹਿੰਦਾ ਹੈ ਕਿ ਕੋਈ ਭੁੱਲ ਜਾਂ ਗਲਤੀ ਨਾ ਹੋ ਜਾਵੇ ਜਾਂ ਮੈਨੂੰ ਕੋਈ ਉਪਾਧੀ ਨਾ ਲੱਗੇ। ਹਜ਼ੂਰ ਤੁਸੀਂ ਹੀ ਕਿਰਪਾ ਕਰਕੇ ਮੇਰੀ ਰੱਖਿਆ ਕਰਿਉ, ਰਹਿਮਤ ਕਰਿਉ ਅਤੇ ਤੁਸੀਂ ਚੌਵੀ ਘੰਟੇ ਮੇਰੇ ਅੰਗ ਸੰਗ ਰਹਿਉ।

**ਤੁਮਰੀ ਓਟ ਤੁਮਾਰੀ ਆਸਾ ॥**

ਸੱਚੇ ਪਾਤਿਸ਼ਾਹੋ! ਮੈਂ ਹਮੇਸ਼ਾ ਤੁਹਾਡੀ ਓਟ ਲੈ ਕੇ ਚੱਲਾਂ ਅਤੇ ਆਸ ਵੀ ਤੁਹਾਡੇ 'ਤੇ ਹੀ ਰੱਖਾਂ। ਮੇਰੇ ਉੱਪਰ ਇਹ ਕਿਰਪਾ ਅਤੇ ਬਖਸ਼ਿਸ਼ ਕਰਿਓ।

**ਬੈਠਤ ਊਠਤ ਸੋਵਤ ਜਾਗਤ**
**ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ ਰਹਾਉ ॥**

ਹਜ਼ੂਰ ਮੈਂ ਸਵਾਸ ਲਵਾਂ, ਗਿਰਾਸ ਅਰਥਾਤ ਕੋਈ ਖਾਣਾ ਖਾਵਾਂ, ਹਰ ਸਮੇਂ ਉਠਦਿਆਂ, ਬੈਠਦਿਆਂ, ਖਾਂਦਿਆਂ, ਪੀਂਦਿਆਂ ਜਿਸ ਤਰ੍ਹਾਂ ਰੋਜਾਨਾ ਬੇਨਤੀ ਕਰੀਦੀ ਹੈ ਕਿ

*ਖਾਤੇ ਪੀਤੇ ਚਲਤੇ ਫਿਰਤੇ*
*ਸੋਵਤ ਜਾਗਤ ਬਿਸਰ ਨਹੀਂ ਜਾਤ।*

ਸੱਚੇ ਪਾਤਿਸ਼ਾਹੋ! ਸੁਆਸ ਗਿਰਾਸ ਦੇ ਨਾਲ ਮੈਂ ਚੌਵੀ ਘੰਟੇ ਤੁਹਾਨੂੰ ਧਿਆਵਾਂ।

**ਰਾਖੁ ਰਾਖੁ ਸਰਣਿ ਪ੍ਰਭ ਅਪਨੀ**
**ਅਗਨਿ ਸਾਗਰ ਵਿਕਰਾਲਾ ॥**

ਸੱਚੇ ਪਾਤਿਸ਼ਾਹੋ! ਤੁਸੀਂ ਮੈਨੂੰ ਆਪਣੀ ਸ਼ਰਨ ਵਿੱਚ ਰੱਖਿਉ। ਵਰਨਾ ਇਹ ਦੇਸ਼ ਅੱਗ ਦੇ ਸਮੁੰਦਰ ਸਮਾਨ ਹੈ। ਇਸ ਵਿੱਚ ਜੀਵ ਭੱਠੇ ਵਾਂਗ ਸੜ ਰਹੇ ਹਨ। ਤੁਹਾਡੀ ਕਿਰਪਾ ਤੋਂ ਬਗੈਰ ਮੈਨੂੰ ਸ਼ਾਂਤੀ ਨਹੀਂ ਆ ਸਕਦੀ, ਸੁਖ ਨਹੀਂ ਮਿਲ ਸਕਦਾ। ਇਸ ਕਰਕੇ ਤੁਸੀਂ ਜ਼ਰੂਰ ਹੀ ਮੇਰੀ ਰੱਖਿਆ ਕਰੋ।

**ਨਾਨਕ ਕੇ ਸੁਖਦਾਤੇ ਸਤਿਗੁਰ**
**ਹਮ ਤੁਮਰੇ ਬਾਲ ਗੁਪਾਲਾ ॥੨॥੩੦॥**

ਸੱਚੇ ਪਾਤਿਸ਼ਾਹੋ! ਅਸੀਂ ਤੁਹਾਡੇ ਬੱਚਿਆਂ ਸਮਾਨ ਹਾਂ, ਤੁਸੀਂ ਸਾਡੇ ਠਾਕੁਰ ਹੋ, ਸਭ ਤੋਂ ਉੱਚੇ ਸੁੱਚੇ ਹੋ। ਜਿਸ ਤਰ੍ਹਾਂ ਬੱਚਿਆਂ ਦੀ ਰਾਖੀ ਕਰੀਦੀ ਹੈ ਇਸ ਤਰ੍ਹਾਂ ਸਾਡੀ ਰਾਖੀ ਕਰੋ।

**॥ ਆਸਾ ਮਹਲਾ ੫ ॥**

**ਹਰਿ ਜਨ ਲੀਨੇ ਪ੍ਰਭੂ ਛਡਾਇ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਇਸ ਤਰ੍ਹਾਂ ਦੀਆਂ ਬੇਨਤੀਆਂ ਕਰੋਗੇ ਤਾਂ ਹਜ਼ੂਰ ਤੁਹਾਨੂੰ ਕਾਲ ਦੇ ਚੱਕਰਾਂ ਤੋਂ ਅਵੱਸ਼ ਛੁਡਾ ਲੈਣਗੇ ਅਤੇ ਤੁਹਾਡੀ ਰੱਖਿਆ ਕਰਨਗੇ।

**ਪ੍ਰੀਤਮ ਸਿਉ ਮੇਰੋ ਮਨੁ ਮਾਨਿਆ**
**ਤਾਪੁ ਮੁਆ ਬਿਖੁ ਖਾਇ ।।੧।। ਰਹਾਉ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਸਾਡਾ ਮਨ ਉਸ ਮਾਲਿਕ ਨਾਲ ਜੁੜ ਜਾਵੇਗਾ ਫੇਰ ਸਾਡੇ ਸਾਰੇ ਕਲੇਸ਼, ਕਲਪਣਾ ਅਤੇ ਤਾਪ ਦੂਰ ਹੋ ਜਾਣਗੇ ਵਰਨਾ

*ਜੀਅੜਾ ਅਗਨਿ ਬਰਾਬਰਿ ਤਪੈ*
*ਭੀਤਰਿ ਵਗੈ ਕਾਤੀ ॥*
*ਪ੍ਰਣਵਤਿ ਨਾਨਕੁ ਹੁਕਮੁ ਪਛਾਣੈ*
*ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥ (ਅੰਗ 156)*

ਅਗਰ ਅਸੀਂ ਸਤਿਗੁਰ ਦਾ ਹੁਕਮ ਮੰਨ ਕੇ ਗੁਰਬਾਣੀ ਵੱਲ ਲੱਗਾਂਗੇ ਫੇਰ ਸਦਾ ਹੀ ਸੁੱਖ ਪ੍ਰਾਪਤ ਕਰਾਂਗੇ।

**ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਜ਼ਿੰਮੇਵਾਰੀ ਲੈਂਦੇ ਹਾਂ ਕਿ ਜਿਹੜੇ ਜੀਵ ਰਾਮ ਨਾਮ ਦੇ ਗੁਣ ਗਾਉਣਗੇ ਉਹਨਾਂ ਨੂੰ ਕੋਈ ਉਪਾਧ, ਤਕਲੀਫ਼ ਜਾਂ ਬਿਪਤਾ ਨਹੀਂ ਸਤਾਵੇਗੀ।

**ਡਾਕੀ ਕੋ ਚਿਤਿ ਕਛੂ ਨ ਲਾਗੈ**
**ਚਰਨ ਕਮਲ ਸਰਨਾਇ ॥੧॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਜੀਵ ਚਰਨ ਸ਼ਰਨ ਵਿੱਚ ਆਉਣਗੇ ਉਹਨਾਂ ਦੇ ਕਿਸੇ ਕੰਮ ਵਿੱਚ ਰੁਕਾਵਟ ਨਹੀਂ ਆਵੇਗੀ ਉਹ ਜਿੱਥੇ ਵੀ ਜਾਣਗੇ ਹਜ਼ੂਰ ਉਹਨਾਂ ਦੇ ਨਾਲ ਹੋਣਗੇ।

**ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥**

ਦੂਸਰੀ ਅਤੇ ਵੱਡੀ ਗੱਲ ਹਜ਼ੂਰ ਇਹ ਫੁਰਮਾਨ ਕਰ ਰਹੇ ਹਨ ਕਿ ਅਗਰ ਜੀਵ ਦੀ ਸਾਧੂ ਵੀ ਨਾਲ ਸਹਾਇਤਾ ਕਰ ਦੇਣ, ਕੋਈ ਬਚਨ ਜਾਂ ਪ੍ਰਸ਼ਾਦ ਦੇ ਦੇਣ ਫੇਰ ਹੋਰ ਸੋਨੇ ਤੇ ਸੁਹਾਗਾ ਹੋ ਜਾਂਦਾ ਹੈ ਅਤੇ ਮਾਲਿਕ ਹਰ ਥਾਂ ਸਹਾਇਤਾ ਕਰਦੇ ਹਨ।

**ਗੁਨ ਨਿਧਾਨ ਨਿਤਿ ਗਾਵੈ ਨਾਨਕੁ**
**ਸਹਸਾ ਦੁਖੁ ਮਿਟਾਇ ॥੨॥੩੧॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਅਸੀਂ ਉਸ ਮਾਲਿਕ, ਪ੍ਰਭੂ, ਗੁਰਬਾਣੀ ਦੇ ਗੁਣ ਗਾਵਾਂਗੇ ਫੇਰ ਸਾਡੇ ਸਾਰੇ ਸੰਸੇ ਨਵਿਰਤ ਕਰਕੇ ਹਜ਼ੂਰ ਖੁਸ਼ੀਆਂ ਬਖਸ਼ਣਗੇ।

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਐਸਾ ਰਾਜ਼ ਅਤੇ ਭੇਦ ਬਖਸ਼ਿਸ਼ ਕੀਤਾ। ਇਸ ਗੁਰਬਾਣੀ ਦੀ ਬਖਸ਼ਿਸ਼ ਸਦਕਾ ਹੀ ਅਗਰ ਅੱਜ ਦੁਨੀਆਂ ਵਿੱਚ ਦੇਹ ਧਾਰੀ ਗੁਰੂ ਹੁੰਦੇ ਤਦ ਪਹਿਲਾਂ ਜਿਸ ਤਰ੍ਹਾਂ ਬਾਈ ਮੰਜੀਆਂ ਅਤੇ ਬਹੱਤਰ ਪੀਹੜੇ ਡਾਹੇ ਹੋਏ ਸਨ ਸ਼ਾਇਦ ਉਸੇ ਤਰ੍ਹਾਂ ਅੱਜ ਵੀ ਹੁੰਦਾ। ਸ਼ਬਦ ਰੂਪੀ ਤਾਕਤ ਅੱਜ ਵੀ ਸੰਤਾਂ ਉੱਪਰ ਬਿਰਾਜਮਾਨ ਹੈ। ਦੁਨੀਆਂ ਵਿੱਚ ਕਿਤੇ ਨਾ ਕਿਤੇ ਪੂਰਨ ਸੰਤ ਜਰੂਰ ਹੁੰਦੇ ਹਨ।

*ਆਗ ਲਗੀ ਸੰਸਾਰ ਕੋ ਝੜ ਝੜ ਪੈਣ ਅੰਗਿਆਰ।*
*ਸੰਤ ਨਾ ਹੋਤੇ ਜਗਤ ਮੇਂ ਜਲ ਮਰਤਾ ਸੰਸਾਰ।*
ਉਹ ਤਾਕਤ ਜੋ
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਅੰਗ1)*

ਜੁਗਾਂ ਤੋਂ ਚਲੀ ਆ ਰਹੀ ਹੈ। ਪਰ ਸਿੱਖ ਮੱਤ ਨੂੰ ਇਹ ਆਦੇਸ਼ ਹੈ ਕਿ ਉਹਨਾਂ ਨੇ ਗੁਰਬਾਣੀ ਨੂੰ ਮੰਨਣਾ ਹੈ। ਜੋ ਗੁਰਬਾਣੀ ਨੂੰ ਮੰਨਦੇ ਹਨ ਉਹ ਚਾਹੇ ਸਿੱਖ ਹਨ ਜਾਂ ਕਲੀਨ ਸ਼ੇਵ ਹਨ ਜਾਂ ਕਿਸੇ ਹੋਰ ਮਜਹਬ ਵਿੱਚੋਂ ਹਨ, ਉਹਨਾਂ ਵਾਸਤੇ ਸ਼ਬਦ ਰੂਪੀ ਬਾਣੀ ਦੀ ਹਜ਼ੂਰ ਨੇ ਸਥਾਪਨਾ ਕੀਤੀ ਹੈ। ਵਰਨਾ ਉਹ ਤਾਕਤ ਨਾਜਲ ਹੁੰਦੀ ਹੈ। ਉਹ ਇਲੈਕਟ ਜਾਂ ਸਿਲੈਕਟ ਨਹੀਂ ਹੁੰਦੀ। ਉਹ ਦੁਨੀਆਵੀ ਤੌਰ ਤੇ ਵੋਟਾਂ ਪਾ ਕੇ ਨਹੀਂ ਚੁਣੀ ਜਾਂਦੀ ਜਾਂ ਉਸ ਨੂੰ ਗਵਰਨਰ ਵਾਂਗ ਨਿਯੁਕਤ ਨਹੀਂ ਕੀਤਾ ਜਾਂਦਾ। ਕੁਝ ਸੀਟਾਂ ਸਿਲੈਕਸ਼ਨ ਨਾਲ ਵੀ ਨਿਯੁਕਤ ਕੀਤੀਆਂ ਜਾਂਦੀਆਂ ਹਨ। ਜਦੋਂ ਜੇ. ਐਂਡ. ਕੇ. ਦੇ ਪੰਡਿਤਾਂ ਨੇ ਆ ਕੇ ਫਰਿਆਦ ਕੀਤੀ ਸ੍ਰੀਨਗਰ ਵਿਖੇ ਰੈਨਵਾੜੀ ਸਾਹਿਬ ਗੁਰਦੁਆਰਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਨਕੇ ਵੀ ਰੈਨਾਵਾੜੀ ਸਨ। ਅਸੀਂ ਉਹ ਘਰ ਵੀ ਦੇਖਿਆ ਹੈ। ਉੱਥੇ ਔਰੰਗਜ਼ੇਬ ਨੇ ਕਿਲਾ ਬਣਾਇਆ ਹੋਇਆ ਸੀ। ਉੱਥੇ ਪੰਡਿਤਾਂ ਦੇ ਗੱਲ ਵਿੱਚੋਂ ਜਨੇਊ ਉਤਾਰ ਕੇ ਤੱਕੜ ਵਿੱਚ ਪਾਈ ਜਾਂਦੇ ਸਨ ਅਤੇ ਪੰਡਿਤਾਂ ਨੂੰ ਕਤਲ ਕਰੀ ਜਾਂਦੇ ਸਨ। ਜਦੋਂ ਉਹ ਜਨੇਊ ਸਵਾ ਮਣ ਹੋ ਜਾਂਦਾ ਸੀ ਉਦੋਂ ਔਰੰਗਜ਼ੇਬ ਕਤਲੇਆਮ ਬੰਦ ਕਰਦਾ ਸੀ। ਤਦ ਪੰਡਿਤਾਂ ਨੇ ਦੁਹਾਈ ਪਾਈ ਕਿ ਸਾਡਾ ਕਤਲੇਆਮ ਨਾ ਕਰੋ ਅਤੇ ਸਾਡਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਅਗਰ ਤੁਸੀਂ ਉਹਨਾਂ ਨੂੰ ਮੁਸਲਮਾਨ ਬਣਾ ਲਵੋਗੇ ਤਾਂ ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ। ਤਦ ਪੰਡਿਤ ਹਜ਼ੂਰ ਕੋਲ ਆਏ ਅਤੇ ਆ ਕੇ ਫਰਿਆਦ ਕੀਤੀ ਕਿ ਅਸੀਂ ਔਰੰਗਜੇਬ ਨੂੰ ਆਹ ਫਰਿਆਦ ਕੀਤੀ ਹੈ। ਤਦ ਹਜ਼ੂਰ ਨੇ ਕਿਹਾ ਕਿ ਅਸੀਂ ਆਪ ਜਾ ਕੇ ਤੁਹਾਡੀ ਖਾਤਿਰ ਬਲੀਦਾਨ ਦਿਆਂਗੇ। ਅਜੇ ਇਹ ਵਿਚਾਰਾਂ ਚੱਲ ਹੀ ਰਹੀਆਂ ਸਨ ਕਿ ਹਜ਼ੂਰ ਦਸਵੇਂ ਪਾਤਿਸਾਹ ਜੀ ਬਾਹਰੋਂ ਖੇਡਦੇ ਖੇਡਦੇ ਆਏ ਅਤੇ ਪੁੱਛਣ ਲੱਗੇ ਕਿ ਪਿਤਾ ਜੀ ਅੱਜ ਉਦਾਸ ਕਿਉਂ ਹੋ? ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਕਸ਼ਮੀਰੀ ਪੰਡਿਤ ਆਏ ਹਨ ਅਤੇ ਇਹਨਾਂ ਨੇ ਬੇਨਤੀ ਕੀਤੀ ਹੈ ਕਿ ਕਿਸੇ ਮਹਾਂਪੁਰਖ ਦੀ ਬਲੀ ਦੀ ਲੋੜ ਹੈ। ਤਦ ਹਜ਼ੂਰ ਦਸਵੇਂ ਪਾਤਿਸਾਹ ਜੀ ਨੇ ਫੁਰਮਾਨ ਕੀਤਾ ਕਿ ਤੁਹਾਡੇ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ? ਤੁਸੀਂ ਇਹ ਕੁਰਬਾਨੀ ਦਿਉ। ਤਦ ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਹੈ 'ਆ ਗਏ ਜੇ'? ਅਰਥਾਤ ਸ਼ਬਦ ਰੂਪੀ ਤਾਕਤ ਪ੍ਰਗਟ ਹੋ ਗਈ ਹੈ? ਕਸ਼ਮੀਰੀ ਪੰਡਿਤ ਕਹਿਣ ਲੱਗੇ ਕਿ ਸੱਚੇ ਪਾਤਿਸ਼ਾਹੋ! ਦੇਰ ਨਾ ਕਰਿਉ। ਜਲਦੀ ਆਇਉ। ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਅਸੀਂ ਦੇਰ ਨਹੀਂ ਕਰਾਂਗੇ। ਸਾਡਾ ਅਸੂਲ ਹੈ ਕਿ

*ਬਾਂਹ ਜਿਨ੍ਹਾਂ ਦੀ ਪਕੜੀਏ*
*ਸਿਰ ਦੀਜੈ ਬਾਂਹ ਨ ਛੋਡੀਐ।*
*ਗੁਰ ਤੇਗ ਬਹਾਦਰ ਬੋਲਿਆ*
*ਧਰ ਪਈਏ ਧਰਮ ਨ ਛੋਡੀਐ।*

ਸੋਈ ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੂੰ ਗੱਦੀ ਸੌਂਪੀ ਨਹੀਂ ਸੀ। ਜਦੋਂ ਉਹ ਤਾਕਤ ਨਾਜਲ ਹੋਈ ਤਾਂ ਉੱਥੇ ਪ੍ਰਗਟ ਹੋ ਗਈ।

ਫੇਰ ਸਾਡੇ ਵੱਡੇ ਵਡੇਰਿਆਂ ਨੇ ਬੋਦੀਆਂ ਰੱਖੀਆਂ ਹੁੰਦੀਆਂ ਸਨ। ਜਦੋਂ ਮੁਸਲਮਾਨਾਂ ਨੇ ਹਮਲਾ ਕਰਨਾ ਤਦ ਉਹਨਾਂ ਨੇ ਬੋਦੀ ਕੱਟ ਕੇ ਕਹਿਣਾ ਕਿ ਅਸੀਂ ਹਿੰਦੂ ਨਹੀਂ ਹਾਂ। ਅਸੀਂ ਤਾਂ ਮੁਸਲਮਾਨ ਹਾਂ ਜਾਂ ਇਸਾਈ ਹਾਂ। ਤਦ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਅਸੀਂ ਐਸੀ ਕੌਮ ਦੀ ਸਿਰਜਣਾ ਕਰਾਂਗੇ ਜਿਸ ਦੀ ਪਛਾਣ ਅੱਲਗ ਹੋਵੇਗੀ। ਫੇਰ ਹਜ਼ੂਰ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ ਜਿਹਨਾਂ ਨੇ ਸਿੱਖੀ ਤੋਂ ਸਰਬੰਸ ਵਾਰ ਦਿੱਤਾ। ਉਹਨਾਂ ਨੇ ਆਪਣਾ ਪਿਤਾ ਵਾਰਿਆ, ਮਾਤਾ ਵਾਰੀ, ਚਾਰੇ ਸਾਹਿਬਜਾਦੇ ਵਾਰੇ, ਇਹ ਸਿੱਖੀ ਬਹੁਤ ਮਹਿੰਗੇ ਮੁੱਲ ਵਿੱਚ ਮਿਲੀ ਹੈ ਜਿਸ ਵਾਸਤੇ ਉਹਨਾਂ ਨੇ ਸਰਬੰਸ ਵਾਰ ਦਿੱਤਾ। ਇਸੇ ਕਾਰਨ ਉਹ ਸਰਬੰਸ ਦਾਨੀ ਅਖਵਾਏ, ਅੰਮ੍ਰਿਤ ਦੇ ਦਾਤੇ ਅਖਵਾਏ। ਹਜ਼ੂਰ ਸਾਡੇ ਉੱਪਰ ਵੀ ਐਸੀ ਬਖਸ਼ਿਸ ਕਰਨ ਕਿ ਅਸੀਂ ਸਿੱਖੀ ਜੀਵਨ ਧਾਰਨ ਕਰਕੇ, ਰਹਿਤ ਵਿੱਚ ਆ ਕੇ ਨੇਕ ਅਮਲ ਕਰੀਏ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਪੁੱਤਰ ਪੁੱਤਰੀਆਂ ਬਣ ਕੇ ਸੋਭਾ ਵਧਾਈਏ ਅਤੇ ਦੇਸ਼ ਅਤੇ ਕੌਮ ਦੀ ਹਰ ਸਮੱਸਿਆ ਵਿੱਚ ਵੱਧ ਤੋਂ ਵੱਧ ਯੋਗਦਾਨ ਪਾ ਕੇ ਉਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੀਏ।

ਸੋਈ ਅੱਜ ਹਜ਼ੂਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਦਾ 345ਵਾਂ ਅਵਤਾਰ ਦਿਵਸ ਹੈ। ਸਾਰੀ ਆਈ ਸੰਗਤ ਨੂੰ ਤਥਾ ਸਾਰੀ ਕਾਇਨਾਤ ਨੂੰ ਲੱਖ-ਲੱਖ ਵਧਾਈ। ਹਜ਼ੂਰ ਹਮੇਸ਼ਾ ਇਸੇ ਤਰ੍ਹਾਂ ਅੰਗ-ਸੰਗ ਰਹਿ ਕੇ ਇਸੇ ਤਰ੍ਹਾਂ ਗੁਰਪੁਰਬ ਮਨਾਉਣ ਦੀ ਹਿੰਮਤ ਅਤੇ ਬਲ ਬਖਸ਼ਦੇ ਰਹਿਣ ਅਤੇ ਸਾਰੀ ਸੰਗਤ ਨੂੰ ਖੁਸ਼ੀਆਂ ਬਖਸ਼ਦੇ ਰਹਿਣ।

# ਸਤਿਸੰਗ

**ਮਲਾਰ ਮਹਲਾ ੪ ਪੜਤਾਲ ਘਰੁ ੩**

(ਅੰਗ 1265)

**ੴ ਸਤਿਗੁਰ ਪ੍ਰਸਾਦਿ ॥**

**ਹਰਿ ਜਨ ਬੋਲਤ ਸ੍ਰੀਰਾਮ ਨਾਮਾ**

**ਮਿਲਿ ਸਾਧਸੰਗਤਿ ਹਰਿ ਤੋਰ ॥੧॥ ਰਹਾਉ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਜਦੋਂ ਕੋਈ ਸਾਧੂ ਕਿਸੇ ਸ਼ਬਦ ਦਾ ਜਾਪ ਕਰਾ ਰਹੇ ਹੋਣ ਅਤੇ ਜੀਵ ਜਦੋਂ ਉਹਨਾਂ ਦੇ ਨਾਲ ਰਲ ਕੇ ਸ਼ਬਦ ਦਾ ਜਾਪ ਕਰਦਾ ਹੈ, ਗਾਉਂਦਾ ਹੈ। ਤਦ ਗੁਰਬਾਣੀ ਵਿਚ ਅੰਕਿਤ ਮਹਾਂਵਾਕ

*ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥*

*ਕੋਟਿ ਜਨਮ ਕੇ ਦੁਖ ਗਵਾਇਓ ॥੧॥ (ਅੰਗ 720)*

ਅਨੁਸਾਰ ਉਸ ਵਕਤ ਜੀਵ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਰਹੀ ਹੁੰਦੀ ਹੈ। ਦੁੱਖ ਨਵਿਰਤ ਹੋ ਕੇ ਸੁਖ ਪ੍ਰਵੇਸ਼ ਕਰ ਰਹੇ ਹੁੰਦੇ ਹਨ। ਉਹ ਸਮਾਂ ਬਹੁਤ ਹੀ ਭਾਗਾਂ ਵਾਲਾ ਹੁੰਦਾ ਹੈ। ਤੁਹਾਨੂੰ ਕਈ ਲੋਕ ਕਹਿਣਗੇ ਕਿ ਨੇੜੇ ਹੀ ਗੁਰਦੁਆਰਾ ਸਾਹਿਬ, ਮੰਦਿਰ, ਮਸਜਿਦ, ਚਰਚ ਹੈ। ਇੱਥੇ ਮੱਥਾ ਟੇਕ ਲਿਆ ਕਰੋ। ਤੁਸੀਂ ਐਨੀ ਦੂਰ ਕੀ ਲੈਣ ਚਲੇ ਹੋ? ਉਹਨਾਂ ਨੂੰ ਕਹੋ ਕਿ ਸਾਧੂਆਂ, ਮਹਾਤਮਾਵਾਂ ਦੇ ਨਾਲ ਰਲ ਕੇ ਸ਼ਬਦ ਦਾ ਜਾਪ ਅਤੇ ਪਾਠ ਕਰਨ ਨਾਲ ਬਹੁਤ ਵੱਡੀ ਬਖ਼ਸ਼ਿਸ਼ ਹੁੰਦੀ ਹੈ, ਰਹਿਮਤ ਹੁੰਦੀ ਹੈ। ਹਜ਼ੂਰ ਚੌਥੇ ਪਾਤਿਸ਼ਾਹ ਮੋਹਰ ਲਗਾ ਰਹੇ ਹਨ ਕਿ ਸਾਧੂ ਦੀ ਸੰਗਤ ਕੋਈ ਛੋਟੀ ਜਿਹੀ ਗੱਲ ਨਹੀਂ ਹੈ ਕਿਉਂਕਿ

*ਸੁਤ ਦਾਰਾ ਧਨ ਲਕਸ਼ਮੀ ਪਾਪੀ ਕੇ ਭੀ ਹੋਇ।*

*ਸੰਤ ਸਮਾਗਮ ਹਰੀ ਕਥਾ ਤੁਲਸੀ ਦੁਰਲਭ ਦੋਇ।*

ਐਸਾ ਸਮਾਂ ਬਹੁਤ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।

**ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ**

**ਜਿਸੁ ਲਾਗਤ ਹੈ ਨਹੀ ਚੋਰ ॥੧॥**

ਅਗਰ ਤੁਸੀਂ ਵਪਾਰ ਕਰਨਾ ਹੈ ਤਦ ਹਰੀ ਦੇ ਨਾਮ ਦਾ ਕਰੋ। ਜੇ ਧਨ ਇਕੱਠਾ ਕਰਨਾ ਹੈ ਤਦ ਵੀ ਹਰੀ ਦੇ ਨਾਮ ਦਾ ਧਨ ਇਕੱਠਾ ਕਰੋ। ਇਸ ਸਿਮਰਨ ਕੀਤੇ ਦੀ ਕੋਈ ਚੋਰ ਚੋਰੀ ਨਹੀਂ ਕਰ ਸਕਦਾ। ਜੀਵ ਕੋਲੋਂ ਪੈਸੇ ਜਾਂ ਹੋਰ ਕੋਈ ਜਾਇਦਾਦ ਖੋਹੀ ਜਾ ਸਕਦੀ ਹੈ। ਪਰ ਸਿਮਰਨ ਨੂੰ ਕੋਈ ਖੋਹ ਨਹੀਂ ਸਕਦਾ। ਸਿਮਰਨ ਨੂੰ ਕੋਈ ਆਂਚ ਨਹੀਂ ਆ ਸਕਦੀ। ਇਸ ਕਰਕੇ ਸਾਨੂੰ ਸਿਮਰਨ ਦਾ ਧਨ ਇਕੱਠਾ ਕਰਨਾ ਚਾਹੀਦਾ ਹੈ।

**ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ**

**ਸੁਨਿ ਘਨਿਹਰ ਕੀ ਘੋਰ ॥੨॥**

ਜਦੋਂ ਵੀ ਥੋੜ੍ਹਾ-ਬਹੁਤਾ ਬੱਦਲ ਆਉਂਦਾ ਹੈ ਤਦ ਪਪੀਹਾ ਅਤੇ ਮੋਰ ਪੁਕਾਰ ਕਰਨ ਲੱਗ ਪੈਂਦੇ ਹਨ ਕਿ ਸੱਚੇ ਪਾਤਿਸ਼ਾਹੋ! ਬਾਰਿਸ਼ ਪਾਉ। ਇਸ ਤਰ੍ਹਾਂ ਜੀਵ ਨੂੰ ਪਪੀਹੇ ਵਾਲੀ ਪੁਕਾਰ ਕਰਨੀ ਚਾਹੀਦੀ ਹੈ। ਅਗਰ ਕਿਸੇ ਸਮੇਂ ਗੁਰਬਾਣੀ ਦੀ ਬਖਸ਼ਿਸ਼ ਘੱਟ ਹੋ ਰਹੀ ਹੈ ਜਾਂ ਨਹੀਂ ਹੋ ਰਹੀ ਤਦ ਪਪੀਹੇ ਵਾਂਗ ਪੁਕਾਰ ਕਰੋ।

*ਨੇੜੇ ਹੋ ਕੇ ਸੁਣੀ ਮਾਲਿਕਾ ਮੇਰੀ ਕੂਕ ਪਪੀਹੇ ਵਾਲੀ।*

ਤਦੇ ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥*

*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥*

*(ਅੰਗ 1285)*

ਫੇਰ ਮਾਲਿਕ ਮੇਘਰਾਜ ਨੂੰ ਫੁਰਮਾਨ, ਆਦੇਸ਼, ਹੁਕਮ, ਦਿੰਦੇ ਹਨ ਕਿ ਮੇਰਾ ਪਿਆਰਾ ਪਿਆਸਾ ਹੈ, ਬਾਰਿਸ਼ ਪਾ। ਅਗਰ ਅਸੀਂ ਮਾਲਿਕ ਅੱਗੇ ਪੁਕਾਰ ਕਰਾਂਗੇ ਫੇਰ ਸਾਡੇ ਉੱਪਰ ਅਵੱਸ਼ ਬਖਸ਼ਿਸ਼ ਹੋਵੇਗੀ।

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**

**ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੱਛੀ ਅਤੇ ਪੰਛੀ ਆਪਣੀ-ਆਪਣੀ ਬੋਲੀ ਬੋਲਦੇ ਹਨ ਪਰ ਸਾਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਹਿ ਰਹੇ ਹਨ। ਵਾਸਤਵ ਵਿੱਚ ਉਹ ਵੀ ਜਾਪ ਹੀ ਕਰਦੇ ਹਨ। ਅਗਰ ਤੁਸੀਂ ਕਿਸੇ ਹੋਰ ਇਲਾਕੇ ਵਿੱਚ ਚਲੇ ਜਾਉ ਉਹ ਆਪਣੀ ਬੋਲੀ ਬੋਲਦੇ ਹਨ ਪਰ ਸਾਨੂੰ ਸਮਝ ਨਹੀਂ ਆਉਂਦੀ।

ਕੋਈ ਫੌਜੀ ਸਨ। ਫੌਜੀਆਂ ਨੂੰ ਅੰਗਰੇਜੀ ਘੱਟ ਹੀ ਆਉਂਦੀ ਹੁੰਦੀ ਹੈ। ਜਿਹੜਾ ਸੂਬੇਦਾਰ ਸੀ ਉਹ ਪੜ੍ਹਿਆ ਲਿਖਿਆ ਸੀ। ਪਰ ਸੂਬੇਦਾਰ ਮੇਜਰ ਘੱਟ ਪੜ੍ਹਿਆ ਹੋਇਆ ਸੀ, ਅਨਪੜ੍ਹ ਸੀ। ਉਸਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਇੱਕ ਅੰਗਰੇਜ਼ ਉਹਨਾਂ ਦਾ ਕਮਾਂਡੈਂਟ, ਕਰਨਲ ਲੱਗਾ ਹੋਇਆ ਸੀ। ਸੂਬੇਦਾਰ ਮੇਜਰ ਉਸ ਅੰਗਰੇਜ ਕੋਲੋਂ ਛੁੱਟੀ ਲੈਣ ਚਲਾ ਗਿਆ। ਖੜਾਕ

ਕਰਦਾ ਸਲੂਟ ਮਾਰਿਆ ਤਦ ਅੰਗਰੇਜ ਨੇ ਪੁੱਛਿਆ ਕਿ ਮੇਜਰ ਸਾਹਿਬ ਕਿੱਧਰ ਆਏ ਹੋ? ਉਸ ਸੂਬੇਦਾਰ ਮੇਜਰ ਨੇ ਕਿਹਾ ਸਾਹਬ! ਟੂ ਮਾਰੋ। ਅੰਗਰੇਜ ਨੇ ਕਿਹਾ ਯੈੱਸ-ਯੈੱਸ । ਮੇਜਰ ਕਹਿਣ ਲੱਗਾ ਇੱਕ ਹੋਰ ਮਾਰੋ। ਅੰਗਰੇਜ ਕਹਿਣ ਲੱਗਾ ਨੋ, ਆਈ ਡੌਂਟ ਨੋ। ਫਿਰ ਤੋਂ ਦੱਸ। ਸੂਬੇਦਾਰ ਮੇਜਰ ਨੇ ਫਿਰ ਦੱਸਿਆ ਕਿ ਸਾਹਬ! ਟੂ ਮਾਰੋ, ਇੱਕ ਹੋਰ ਮਾਰੋ। ਉਸ ਨੂੰ ਅੰਗਰੇਜੀ ਵਿੱਚ ਡੇ ਆਫਟਰ ਟੁਮਾਰੋ ਤਾਂ ਕਹਿਣਾ ਨਹੀਂ ਸੀ ਆਉਂਦਾ ਕਿ ਅਗਲਾ ਇੱਕ ਦਿਨ ਹੋਰ। ਜਦੋਂ ਅੰਗਰੇਜ ਨੂੰ ਸਮਝ ਨਾ ਆਵੇ ਤਦ ਸੂਬੇਦਾਰ ਮੇਜਰ ਸੂਬੇਦਾਰ ਨੂੰ ਕਹਿਣ ਲੱਗਾ ਓਇ ਇੱਧਰ ਆ ਫੌਜਾਂ ਸਿਹਾਂ! ਇਸ ਉੱਲੂ ਦੇ ਪੱਠੇ ਨੂੰ ਸਮਝ ਨਹੀਂ ਆਉਂਦੀ ਆ ਕੇ ਤੂੰ ਇਸ ਨੂੰ ਸਮਝਾ। ਤਦ ਫੌਜਾ ਸਿੰਘ ਨੇ ਦੱਸਿਆ ਕਿ ਸਾਹਬ ਟੁਮਾਰੋ ਮੀਨਜ ਕੱਲ ਅਤੇ ਡੇ ਆਫਟਰ ਟੁਮਾਰੋ ਮੀਨਜ਼ ਇੱਕ ਹੋਰ ਦਿਨ ਛੁੱਟੀ ਚਾਹੀਦੀ ਹੈ। ਤਦ ਅੰਗਰੇਜ ਕਹਿਣ ਲੱਗਾ ਓਕੇ-ਓਕੇ-ਓਕੇ। ਠੀਕ ਹੈ ਇਸ ਨੂੰ ਛੁੱਟੀ ਦਿੱਤੀ।

ਇਸ ਤਰ੍ਹਾਂ ਅਗਰ ਸਤਿਗੁਰੂ। ਪੰਜਾਬੀ, ਹਿੰਦੀ, ਜਾਂ ਸੰਸਕ੍ਰਿਤ ਬੋਲਣ ਤੇ ਹੀ ਬਖਸ਼ਿਸ਼ ਕਰਨ ਤਦ ਬਾਕੀ ਦੇਸ਼ਾ ਅਤੇ ਭਾਸ਼ਾਵਾਂ ਬੋਲਣ ਵਾਲੇ ਜੀਵਾਂ ਦਾ ਕੀ ਬਣੇਗਾ। ਉਹ ਸਤਿਗੁਰੂ ਐਨੇ ਦਿਆਲੂ ਹਨ ਕਿ ਮੱਛੀ ਬੋਲ ਨਹੀਂ ਸਕਦੀ ਪਰ ਉਸ ਦੀ ਵੀ ਅਵਾਜ ਸੁਣਦੇ ਹਨ, ਪੰਖੀਆਂ ਦੀ ਅਵਾਜ ਸੁਣਦੇ ਸਨ। ਸਾਰੇ ਮਜ਼ਹਬਾਂ ਧਰਮਾਂ ਵਿੱਚ ਕੋਈ ਚਾਹੇ ਕਿਸੇ ਵੀ ਬੋਲੀ ਵਿੱਚ ਬੋਲਦਾ ਹੈ ਉਹ ਮਾਲਿਕ ਸਭਨਾ ਦੀ ਸੁਣਦੇ ਹਨ। ਹਿੰਦੁਸਤਾਨ ਵਿੱਚ 876 ਬੋਲੀਆਂ ਹਨ। 400 ਤੋਂ ਉੱਪਰ ਜਾਤੀਆਂ ਹਨ। ਅਗਰ ਹਿੰਦੁਸਤਾਨ ਵਿੱਚ ਹੀ ਭਗਵਾਨ ਰੱਬ, ਅੱਲਾਹ, ਸਾਡੇ ਬਗੈਰ ਹੋਰ ਬੋਲੀਆਂ ਸਮਝਦਾ ਨਾ ਹੁੰਦਾ ਤਦ ਦੂਸਰੇ ਜੀਵਾਂ ਦੀ ਪੁਕਾਰ ਕੌਣ ਸੁਣਦਾ? ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐ ਜੀਵ! ਤੂੰ ਬੇਨਤੀ ਕਰ। ਚਾਹੇ ਕਿਵੇਂ ਵੀ ਕਰ। ਅਗਰ ਹਜ਼ੂਰ ਪਸ਼ੂ, ਪੰਛੀਆਂ, ਮੱਛੀਆਂ ਦੀ ਸੁਣਦੇ ਹਨ ਤਦ ਤੇਰੀ ਵੀ ਬੇਨਤੀ ਜਰੂਰ ਸੁਣਨਗੇ। ਤੁਸੀਂ ਰਾਮ ਨਾਮ ਦਾ ਗਿੱਧਾ ਪਾਉ।

*ਰਾਮ ਨਾਮ ਦਾ ਗਿੱਧਾ। ਕੀ ਪੁੱਠਾ ਤੇ ਕੀ ਸਿੱਧਾ।*

ਤੁਸੀਂ ਮਾਲਿਕ ਦੇ ਦਰਬਾਰ ਵਿੱਚ ਗਿੱਧਾ ਜਰੂਰ ਪਾਉ। ਕਿਉਂਕਿ ਮੰਦਰਾਂ ਵਿੱਚ ਗਿੱਧੇ ਪੈਂਦੇ ਹਨ। ਸਿੱਖ ਕੌਮ ਬਾਦ ਵਿੱਚ ਬਣੀ। ਜਦੋਂ ਮੱਛੀ ਸਮੁੰਦਰ ਵਿੱਚ ਛਲਾਂਗ ਮਾਰਦੀ ਹੈ ਤਦ ਉਸਦੀ ਚਾਂ-ਚਾਂ ਵਰਗੀ ਅਵਾਜ ਆਉਂਦੀ ਹੈ। ਤੁਸੀਂ ਸਿੰਘਾਪੁਰ ਜਾਂ ਹਾਂਗਕਾਂਗ ਜਾ ਕੇ ਦੇਖੋ ਜਾਂ ਕਈਆਂ ਵਿਜ਼ਟਿੰਗ ਸਪਾਟਸ ਤੇ ਵੀ ਜਦੋਂ ਹਰਮੋਨੀਅਮ ਵਾਜੇ ਵੱਜਦੇ ਹਨ ਤਦ ਡਾਲਫਿਨ ਮੱਛੀਆਂ ਨਾਚ ਕਰਦੀਆਂ ਹਨ। ਜਦੋਂ-ਤੱਕ ਅਸੀਂ ਅੱਖੀਂ ਨਹੀਂ ਸੀ ਦੇਖਿਆ ਅਸੀਂ ਯਕੀਨ ਨਹੀਂ ਸੀ ਕਰਦੇ ਕਿ ਕੀ ਮੱਛੀ ਵੀ ਅਵਾਜ ਦਿੰਦੀ ਹੈ, ਮੱਛੀ ਵੀ ਪੁਕਾਰ ਕਰਦੀ ਹੈ? ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੱਛੀਆਂ ਅਤੇ ਪਸ਼ੂ ਪੰਛੀ ਜਦੋਂ ਵੀ ਬੋਲਦੇ ਹਨ ਮਾਲਿਕ ਨੂੰ ਪਤਾ ਹੈ ਕਿ ਇਹ ਮੇਰੇ ਵਾਸਤੇ ਪੁਕਾਰ ਕਰ ਰਹੇ ਹਨ।

**ਨਾਨਕ ਜਨ ਹਰਿ ਕੀਰਤਿ ਗਾਈ**

**ਛੂਟਿ ਗਇਓ ਜਮ ਕਾ ਸਭ ਸੋਰ ॥੪॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਹੜੀ ਮਰਜੀ ਭਾਸ਼ਾ ਵਿੱਚ ਤੁਸੀਂ ਗੁਰੂ ਦੀ ਕੀਰਤ ਗਾਉ, ਸਤਿਸੰਗ ਕਰੋ, ਕਥਾ ਕਰੋ ਹਜ਼ੂਰ ਤੁਹਾਡੀ ਜਮ ਤੋਂ ਖਲਾਸੀ ਕਰਵਾ ਦੇਣਗੇ।

ਬਾਰਡਰ ਵਾਲੇ ਇਲਾਕੇ ਵਿੱਚ ਰਾਅ ਸਿੱਖ ਹੁੰਦੇ ਸੀ। ਉੱਥੇ ਕੋਈ ਅਫ਼ਸਰ ਗਿਆ ਤਾਂ ਰਾਅ ਸਿੱਖ ਦੀ ਘਰਵਾਲੀ ਉਸ ਨੂੰ ਗਾਲਾਂ ਕੱਢਣ ਲੱਗ ਪਈ। ਰਾਅ ਸਿੱਖ ਆਪਣੀ ਘਰਵਾਲੀ ਨੂੰ ਸਮਝਾਉਣ ਲੱਗਾ ਓ ਭਲੀਏ ਲੋਕੋ! ਵੱਡਾ ਸਾਹਬੋ ਆਇਆ ਏ। ਸਾਹਬ ਕੀ ਬਕੇਂਦਾ ਏ ਅਤੇ ਤੂੰ ਕੀ ਫਰਮੇਂਦੀ ਏਂ। ਉਹ ਆਪਣੇ ਵੱਲੋਂ ਸਾਹਬ ਦੀਆਂ ਸਿਫ਼ਤਾਂ ਕਰ ਰਿਹਾ ਸੀ। ਉਹ ਬਕਣਾ ਨੂੰ ਵਧੀਆ ਸਮਝਦਾ ਸੀ। ਉਸ ਦੀ ਘਰਵਾਲੀ ਗਾਲਾਂ ਕੱਢ ਰਹੀ ਸੀ ਅਤੇ ਉਹ ਕਹੇ ਤੂੰ ਫੁਰਮੇਣ ਡਹੀਂ ਏਂ ਅਤੇ ਅਫ਼ਸਰ ਨੂੰ ਬਕਦਾ ਕਹੀ ਜਾਵੇ। ਅਸਲ ਵਿੱਚ ਉਸ ਜੀਵ ਦਾ ਕਸੂਰ ਨਹੀਂ ਸੀ। ਉਸ ਨੂੰ ਪਤਾ ਹੀ ਨਹੀਂ ਸੀ ਕਿ ਬਕਣਾ ਵਧੀਆ ਹੈ ਜਾਂ ਫੁਰਮਾਉਣਾ ਵਧੀਆ ਹੈ। ਸੋਈ ਸਤਿਗੁਰੂ ਇਹ ਨਹੀਂ ਦੇਖਦੇ ਕਿ ਇਹ ਬਕ ਰਿਹਾ ਹੈ ਜਾਂ ਫੁਰਮਾ ਰਿਹਾ ਹੈ। ਜੀਵ ਠੀਕ ਕਹਿ ਰਿਹਾ ਹੈ ਜਾਂ ਗਲਤ ਕਹਿ ਰਿਹਾ ਹੈ। ਕਿਸ ਭਾਸ਼ਾ ਵਿੱਚ ਕਹਿ ਰਿਹਾ ਹੈ ਜਾਂ ਕਿਸ ਤਰਜ਼ ਨਾਲ ਕਹਿ ਰਿਹਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਤਿਗੁਰੂ ਸਭ ਦੀ ਸੁਣਦੇ ਹਨ। ਤਦੇ ਤੁਲਸੀ ਸਾਹਿਬ ਨੇ ਫੁਰਮਾਨ ਕੀਤਾ ਹੈ ਕਿ

*ਤੁਲਸੀ ਅਪਨੇ ਪੀਵ ਕੋ ਰੀਝ ਭਜੋ ਚਾਹੇ ਖੀਝ।*
*ਖੇਤ ਪੜੇ ਸਭ ਉਗੇਂਗੇ ਉਲਟੇ ਸੀਧੇ ਬੀਜ।*

ਜਿਸ ਤਰ੍ਹਾਂ ਜੱਟ ਖੇਤ ਵਿੱਚ ਦਾਣੇ ਖਿਲਾਰਦਾ ਹੈ ਤਾਂ ਪੁੱਠਾ ਦਾਣਾ ਵੀ ਉੱਗ ਪੈਂਦਾ ਹੈ ਅਤੇ ਸਿੱਧਾ ਦਾਣਾ ਵੀ ਉੱਗ ਪੈਂਦਾ ਹੈ। ਇਸ ਤਰ੍ਹਾਂ ਜਦੋਂ ਅਸੀਂ ਸਿਮਰਨ ਕਰਾਂਗੇ ਤਦ ਹਜ਼ੂਰ ਸਾਡੀ ਭੁੱਲ-ਚੁੱਕ ਮਾਫ਼ ਕਰਕੇ ਸਿਮਰਨ ਕਬੂਲ ਕਰਦੇ ਹਨ।

# ਸਤਿਸੰਗ

**ਸਲੋਕ ਮਹਲਾ ੨ ॥** (ਅੰਗ 788)

**ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਇੱਕ ਭਾਉ ਅਰਥਾਤ ਭਾਵ ਹੈ ਅਤੇ ਇੱਕ ਭਉ ਅਰਥਾਤ ਡਰ ਹੈ। ਜਿਹੜੇ ਜੀਵਾਂ ਨੂੰ ਗੁਰਬਾਣੀ ਉੱਪਰ ਭਾਵ ਆ ਜਾਂਦਾ ਹੈ ਉਹਨਾਂ ਉੱਪਰ ਕਾਲ ਦਾ ਕੋਈ ਡਰ ਅਸਰ ਨਹੀਂ ਕਰਦਾ। ਜਦੋਂ ਅਸੀਂ ਗੁਰੂ ਤੋਂ ਬੇਭਾਵ ਹੁੰਦੇ ਹਾਂ ਉੱਥੇ ਕਾਲ ਐਕਸ਼ਨ ਕਰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਗੁਰਬਾਣੀ ਉੱਪਰ ਜਿੰਨਾ ਜਿਆਦਾ ਭਰੋਸਾ ਹੋਵੇਗਾ ਓਨੀ ਜਿਆਦਾ ਬਖਸ਼ਿਸ਼ ਹੋਵੇਗੀ। ਹੁਣ ਸਮਾਂ ਬਦਲ ਗਿਆ ਹੈ। ਸੋਚ ਬਦਲ ਗਈ ਹੈ। ਪਰ ਸਾਡੇ ਸਮੇਂ ਵਿੱਚ ਲੜਕੇ ਨੂੰ ਕੋਈ ਕੁਝ ਨਹੀਂ ਸੀ ਕਹਿੰਦਾ ਪਰ ਲੜਕੀ ਦੀ ਗਰਦਨ ਤੇ ਚਾਕੂ ਜਾਂ ਦਾਤਰੀ ਰੱਖ ਕੇ ਕਹਿਣਾ ਕਿ ਤੈਨੂੰ ਕੱਟ ਦੇਈਏ? ਤਾਂ ਲੜਕੀ ਨੇ ਕਹਿਣਾ ਕੱਟ ਦਿਉ। ਕਿਉਂਕਿ ਉਸ ਲੜਕੀ ਨੂੰ ਪਤਾ ਹੁੰਦਾ ਸੀ ਕਿ ਮੇਰਾ ਬਾਪ ਮੈਨੂੰ ਕੱਟ ਨਹੀਂ ਸਕਦਾ। ਪਰ ਅੱਜਕੱਲ ਹਾਲਾਤ ਬਦਲ ਗਏ ਹਨ। ਮਾਵਾਂ ਬੱਚੀਆਂ ਨੂੰ ਗਰਭ ਵਿੱਚ ਹੀ ਮਾਰ ਰਹੀਆਂ ਹਨ। ਕੋਈ ਆਰਥਿਕ ਤੌਰ ਤੇ ਪੈਸੇ ਤੋਂ ਤੰਗ ਹੈ ਜਾਂ ਘਰਾਂ ਵਿੱਚ ਝਗੜੇ ਰਹਿੰਦੇ ਹਨ ਜਿਸ ਕਰਕੇ ਮਾਵਾਂ ਜਾਂ ਪਿਉਆਂ ਨੇ ਬੱਚਿਆਂ ਨੂੰ ਨਾਲ ਲੈ ਕੇ ਖੁਦਕੁਸ਼ੀਆਂ ਕੀਤੀਆਂ। ਉਹ ਅਲੱਗ ਗੱਲ ਹੈ। ਪਰ ਜੀਵ ਦਾ ਗੁਰਬਾਣੀ ਉੱਪਰ ਜਿੰਨਾ ਜ਼ਿਆਦਾ ਭਰੋਸਾ ਹੁੰਦਾ ਹੈ ਓਨੀ ਜ਼ਿਆਦਾ ਬਖਸ਼ਿਸ਼ ਹੁੰਦੀ ਹੈ।

**ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆ ॥੧॥**

ਪਟੰਤਰਾ ਤੋਂ ਭਾਵ ਹੈ ਭੇਦ ਅਤੇ ਬੁਝਾਰਤ। ਇਸ ਭੇਦ ਦਾ ਉਸੇ ਨੂੰ ਪਤਾ ਚੱਲੇਗਾ ਜੋ ਇਸ ਗੁਰਬਾਣੀ ਨੂੰ ਗਾਵੇਗਾ। ਜੋ ਅਸੀਂ ਵਿਆਖਿਆ ਕੀਤੀ ਹੈ ਇਸ ਨੂੰ ਜੋ ਜੀਵ ਲਗਾਤਾਰ ਵਿਚਾਰੇਗਾ

*ਸਿਖੀ ਸਿਖਿਆ ਗੁਰ ਵੀਚਾਰਿ ॥* (ਅੰਗ 465)

ਉਸੇ ਨੂੰ ਹੀ ਇਸ ਭੇਦ ਦਾ ਪਤਾ ਚੱਲੇਗਾ। ਕਿਉਂਕਿ ਸਾਰੀ ਹੀ ਦੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੀ ਹੈ।

*ਸਤਿਗੁਰੂ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥*

ਤੁਸੀਂ ਗੁਰਦੁਆਰਾ ਸਾਹਿਬ ਜਾ ਕੇ ਜਾਂ ਇੱਥੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਰੇ ਮੱਥਾ ਟੇਕਦੇ ਹੋ। ਪਰ ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥*

(ਅੰਗ 594)

ਜਦੋਂ ਗੁਰਬਾਣੀ ਵਿੱਚ ਜੋ ਦਰਜ ਹੈ ਉਸ ਉੱਪਰ ਵੀਚਾਰ ਨਹੀਂ ਕਰਦੇ ਤਾਂ ਇਕੱਲੇ ਦਰਸ਼ਨਾਂ ਨਾਲ ਗੱਲ ਨਹੀਂ ਬਣਨੀ। ਕਿਤੇ ਇਹ ਵੀ ਦਰਜ ਕੀਤਾ ਹੈ ਕਿ

*ਦਰਸਨੁ ਦੇਖਿ ਜੀਵਾ ਗੁਰ ਤੇਰਾ ॥*

*ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥* (ਅੰਗ 742)

ਪਰ ਨਾਲ ਹੀ

*ਹੋਵੈ ਸਿਫਤਿ ਖਸੰਮ ਕੀ*

*ਨੂਰੁ ਅਰਸਹੁ ਕੁਰਸਹੁ ਝਟੀਐ ॥*

*ਤੁਧੁ ਡਿਠੇ ਸਚੇ ਪਾਤਿਸਾਹ*

*ਮਲੁ ਜਨਮ ਜਨਮ ਕੀ ਕਟੀਐ ॥* (ਅੰਗ 967)

ਦਾ ਜ਼ਿਕਰ ਆਉਂਦਾ ਹੈ। ਤੁਸੀਂ ਇੱਕ ਤੁਕ ਨੂੰ ਫੜ ਕੇ ਨਹੀਂ ਬੈਠ ਜਾਣਾ। ਜਦੋਂ ਲੋਕਾਂ ਨੇ ਇਹ ਪੁੱਛਿਆ ਕਿ ਜੀਵ ਸੰਤਾਂ ਕੋਲ ਕਿਉਂ ਜਾਂਦੇ ਹਨ ਤਦ ਉਪਰੋਕਤ ਸਲੋਕ ਉਚਾਰਨ ਕੀਤੇ। ਫੇਰ ਜਦੋਂ ਜੀਵਾਂ ਨੇ ਸੰਤਾਂ ਕੋਲ ਜਾ ਕੇ ਬਚਨ ਸੁਣ ਕੇ ਕਈਆਂ ਨੇ ਅਮਲ ਕੀਤਾ ਅਤੇ ਕਈਆਂ ਨੇ ਨਹੀਂ ਕੀਤਾ ਤਦ ਹਜ਼ੂਰ ਨੇ ਹੋਰ ਸਲੋਕ ਉਚਾਰਨ ਕਰ ਦਿੱਤੇ ਕਿ ਸੰਤਾਂ ਕੋਲ ਗਏ ਵੀ ਹੋ, ਬਚਨ ਵੀ ਸੁਣ ਲਏ ਹਨ। ਪਰ ਵੀਚਾਰ ਕਰਕੇ ਅਮਲ ਨਹੀਂ ਕੀਤਾ ਤਦ ਵੀ ਉਹ ਬਚਨ ਸੁਣੇ ਕਿਸੇ ਕੰਮ ਨਹੀਂ ਆਏ। ਇਹ ਪਟੰਤਰਾਂ ਅਰਥਾਤ ਬੁਝਾਰਤ ਹੈ ਜੋ ਸੁਲਝਾਈ ਜਾ ਰਹੀ ਹੈ। ਸਾਡੇ ਸਮੇਂ ਵਿੱਚ ਦਾਦੀਆਂ, ਨਾਨੀਆਂ, ਮਾਵਾਂ ਨੇ ਰਾਤ ਸੌਣ ਲੱਗਿਆਂ ਕਹਾਣੀਆਂ ਜਾਂ ਬੁਝਾਰਤਾਂ ਸੁਣਾਉਣੀਆਂ। ਸਾਨੂੰ ਅਜੇ ਤੱਕ ਚੇਤਾ ਹੈ ਕਿ ਅਸੀਂ ਬੁਝਾਰਤ ਪਾਉਣੀ ਕਿ

ਤਿੰਨ ਪੱਕੀਆ ਰੋਟੀਆਂ

ਖਾਣ ਬੈਠੇ ਸਾਲਾ ਤੇ ਭਣਵਈਆ, ਸਹੁਰਾ ਤੇ ਜਵਾਈ

ਦੱਸੋ ਕਿੰਨੀ-ਕਿੰਨੀ ਆਈ।

ਉਹ ਰਿਸ਼ਤੇ ਸਮਝਾਉਣ ਵਾਸਤੇ ਛੋਟੀਆਂ-ਛੋਟੀਆਂ ਬੁਝਾਰਤਾਂ ਪਾਉਂਦੇ ਹੁੰਦੇ ਸੀ। ਸੋਚਣ ਵਾਲੇ ਜੀਵ ਸੋਚ ਕੇ ਦੱਸਦੇ ਸਨ ਕਿ ਇੱਕ-ਇੱਕ ਆਈ ਪਰ ਦੂਜੇ ਕਹਿੰਦੇ ਸੀ ਕਿ ਪੌਣੀ-ਪੌਣੀ ਆਈ। ਵਾਸਤਵ ਵਿੱਚ ਜੀਵ ਤਿੰਨ ਹੀ ਸਨ ਜਿਹੜਾ ਜਵਾਈ ਸੀ ਉਹ ਇੱਕ ਵਾਰ ਸਹੁਰੇ ਦਾ ਜਵਾਈ ਬਣ ਗਿਆ ਅਤੇ ਪੁੱਤ ਦਾ ਭਣਵਈਆ ਬਣ ਗਿਆ। ਪਰ

ਬੁਝਾਰਤ ਪਾਉਣ ਵਾਲਿਆਂ ਨੇ ਚਾਰ ਗਿਣ ਕੇ ਦੱਸ ਦਿੱਤੇ। ਸੋਚਣ ਵਾਲੇ ਜੀਵ ਸੋਚ ਕੇ ਦੱਸ ਦੇਣਗੇ ਕਿ ਪੂਰੀ-ਪੂਰੀ ਆਈ। ਪਰ ਜਿਹਨਾਂ ਨੂੰ ਕੈਲਕੂਲੇਸ਼ਨ ਕਰਨੀ ਨਹੀਂ ਆਉਂਦੀ ਉਹ ਕੈਲਕੂਲੇਟਰ ਫੜ ਕੇ ਬੈਠ ਜਾਣਗੇ ਕਿਉਂਕਿ ਅੱਜ ਕੱਲ ਜੁਬਾਨੀ ਤਾਂ ਕਿਸੇ ਨੂੰ ਦੋ ਦੂਣੀ ਚਾਰ ਵੀ ਨਹੀਂ ਆਉਂਦੀ। ਹਜ਼ੂਰ ਦੂਸਰੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਇਹ ਪਟੰਤਰਾ ਹੈ ਇਸ ਨੂੰ ਬੁੱਝਣ ਦੀ ਲੋੜ ਹੈ, ਵੀਚਾਰਨ ਦੀ ਲੋੜ ਹੈ।

**ਮ: ੨ ॥**

**ਤੁਰਦੇ ਕਉ ਤੁਰਦਾ ਮਿਲੈ**

**ਉਡਤੇ ਕਉ ਉਡਤਾ ॥**

ਹਜ਼ੂਰ ਦੂਸਰੇ ਪਾਤਿਸ਼ਾਹ ਇੱਥੇ ਹੋਰ ਰਾਜ਼ ਭੇਦ ਬਖਸ਼ ਰਹੇ ਹਨ ਕਿ ਤੁਰੇ ਜਾਂਦੇ ਜੀਵ ਨਾਲ ਤੁਰ ਕੇ ਹੀ ਮਿਲਿਆ ਜਾ ਸਕਦਾ ਹੈ। ਅਗਰ ਇੱਕ ਜੀਵ ਸਾਈਕਲ 'ਤੇ ਜਾ ਰਿਹਾ ਹੈ ਤਦ ਤੁਰਨ ਵਾਲਾ ਜੀਵ ਤੁਰ ਕੇ ਜਾਂ ਦੌੜ ਕੇ ਉਸ ਜੀਵ ਨਾਲ ਮਿਲ ਨਹੀਂ ਸਕਦਾ। ਸਕੂਟਰ, ਕਾਰ ਵਾਲੇ ਨੂੰ ਤੁਰ ਕੇ ਮਿਲਣਾ ਹੋਰ ਵੀ ਔਖਾ ਹੈ, ਨਾਮੁਨਕਿਨ ਹੈ। ਜਿਸ ਤਰ੍ਹਾਂ ਦੀ ਦੁਨੀਆਂ ਵਿੱਚ ਤੁਸੀਂ ਵਿਚਰਨਾ ਹੈ ਤੁਹਾਨੂੰ ਉਸ ਤਰ੍ਹਾਂ ਦੇ ਬਣਨਾ ਪੈਣਾ ਹੈ। ਪਹਿਲੇ ਸਮਿਆਂ ਦੀ ਦੁਨੀਆਂ ਵਿੱਚ ਕੋਈ ਵਲ, ਫਰੇਬ, ਧੋਖਾ ਨਹੀਂ ਸੀ ਹੁੰਦਾ। ਉਹਨਾਂ ਨੇ ਧੋਖਾ ਵੀ ਕਿੰਝ ਕਰਨਾ ਸੀ ਉਸ ਸਮੇਂ ਦੁਨੀਆਂ ਕੋਲ ਪੈਸਾ ਹੁੰਦਾ ਹੀ ਨਹੀਂ ਸੀ। ਪੈਸਾ ਤਾਂ ਕਿਸੇ ਨੂੰ ਦੇਖਣ ਲਈ ਵੀ ਨਹੀਂ ਸੀ ਮਿਲਦਾ। ਅਸੀਂ ਬਚਪਨ ਵਿੱਚ ਮੇਲੇ ਜਾਣ ਲੱਗਿਆਂ ਦੋ ਚਾਰ ਆਨੇ ਲਿਜਾਣੇ ਅਤੇ ਮੁਰਮੁਰਾ ਖਾ ਕੇ ਉਸ ਵਿੱਚੋ ਵੀ ਬਚਾ ਕੇ ਲੈ ਆਉਣੇ। ਹੁਣ ਬੱਚਿਆਂ ਨੂੰ ਦੱਸ ਵੀਹ ਰੁਪਏ ਫੜਾਉ ਤਾਂ ਘੁਮਾ ਕੇ ਪੈਰਾਂ ਵਿੱਚ ਮਾਰਦੇ ਹਨ। ਪਰ ਪਹਿਲੇ ਸਮੇਂ ਵਧੀਆ ਸਨ। ਉਦੋਂ ਲੋਕਾਂ ਦੀ ਸੋਚ ਵਧੀਆ ਸੀ, ਧੋਖਾ, ਫਰੇਬ ਨਹੀਂ ਹੁੰਦਾ ਸੀ। ਉਦੋਂ ਇੱਕ ਬੋਫੋਰਸ ਤੋਪਾਂ ਦਾ ਘੁਟਾਲਾ ਹੋਇਆ ਤਾਂ ਰੌਲਾ ਪੈ ਗਿਆ ਕਿ ਐਨੇ ਹਜ਼ਾਰ ਕਰੋੜ ਰੁਪਿਆਂ ਦਾ ਘੁਟਾਲਾ ਹੋ ਗਿਆ ਹੈ। ਜਿਉਂ-ਜਿਉਂ ਦੁਨੀਆਂ ਦੀ ਰਫਤਾਰ ਤੇਜ ਹੋ ਰਹੀ ਹੈ ਤਿਉਂ-ਤਿਉਂ ਇਨਸਾਨ ਦੀ ਸੋਚ ਵੀ ਬਦਲ ਕੇ ਗਲਤ ਹੋ ਰਹੀ ਹੈ।

ਤੁਸੀਂ ਤਜਰਬਾ ਕਰਕੇ ਦੇਖਿਉ, ਅਗਰ ਤੁਹਾਡੇ ਵਿਚੋਂ ਕਿਸੇ ਦਾ ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਚਾਚੀ, ਤਾਇਆ -ਤਾਈ ਜਾਂ ਭੂਆ-ਫੁੱਫੜ ਮਰ ਚੁੱਕੇ ਹੋਣਗੇ ਅਤੇ ਸੁਪਨੇ ਵਿੱਚ ਤੁਹਾਨੂੰ ਮਿਲ ਕੇ ਤੁਹਾਡੇ ਕੋਲੋਂ ਖਾਣ ਲਈ ਖੁਰਾਕ ਮੰਗਦੇ ਹਨ, ਰੋਟੀ ਮੰਗਦੇ ਹਨ ਅਗਰ ਤੁਸੀਂ ਦੇ ਦਿੱਤੀ ਤੱਦ ਤੁਹਾਡੇ ਘਰ ਵਿੱਚ ਰਿਜ਼ਕ ਦਾ ਘਾਟਾ ਪੈ ਜਾਣਾ ਹੈ। ਅਗਰ ਉਹ ਕੱਪੜਾ ਮੰਗਦੇ ਹਨ ਅਤੇ ਜੇ ਤੁਸੀਂ ਦੇ ਦਿੱਤਾ ਤੱਦ ਤੁਹਾਡੇ ਉੱਪਰ ਖੱਫਣ ਪੈ ਜਾਣਾ ਹੈ। ਉਹ ਆਤਮਾਵਾਂ ਇੱਥੇ ਨਹੀਂ ਹੁੰਦੀਆਂ। ਉਹ ਕਾਲ ਦੇ ਵੱਸ ਪਈਆਂ ਹੁੰਦੀਆਂ ਹਨ। ਉਹ ਆਉਂਦਿਆਂ ਹੀ ਇਕ ਅਲਾਰਮ, ਸਾਈਨ ਦੇ ਦਿੰਦੀਆਂ ਹਨ। ਪਤੀ ਪਤਨੀ ਅਗਰ ਸੁਪਨੇ ਵਿੱਚ ਗ੍ਰਿਹਸਤ ਭੋਗਦੇ ਹਨ ਤਦ ਸਵੇਰੇ ਜਾਂ ਪਤੀ ਬਿਮਾਰ ਹੋ ਜਾਵੇਗਾ ਜਾਂ ਪਤਨੀ ਬਿਮਾਰ ਹੋ ਜਾਵੇਗੀ। ਇਸ ਤਰ੍ਹਾਂ ਇਨਸਾਨ ਨੂੰ ਅਗਰ ਸੁਪਨੇ ਵਿੱਚ ਸੋਹਣੇ ਸਰੂਪ ਵਿੱਚ ਆ ਕੇ ਲੜਕੀਆਂ ਮਿਲਦੀਆਂ ਹਨ ਤਦ ਉਹ ਇਨਸਾਨ ਵਲ ਫਰੇਬ ਵਿੱਚ ਆ ਜਾਂਦਾ ਹੈ ਅਤੇ ਉਸ ਦੇ ਘਰ ਕੋਈ ਨਾ ਕੋਈ ਬਿਪਤਾ ਖੜੀ ਹੋ ਜਾਂਦੀ ਹੈ। ਕਿਉਂਕਿ ਸਾਨੂੰ ਜਿਹੜੇ ਸੁਪਨੇ ਵਿੱਚ ਮਿਲਦੇ ਹਨ ਉਹ ਇੱਥੋਂ ਦੇ ਵਾਸੀ ਨਹੀਂ ਹੁੰਦੇ। ਉਹ ਸਾਨੂੰ ਆਪਣੇ ਵਰਗਾ ਕਰਨਾ ਚਾਹੁੰਦੇ ਹਨ। ਅਗਰ ਕੋਈ ਜੀਵ ਸੁਪਨੇ ਵਿਚ ਜਵਾਬ ਦੇ ਦਿੰਦਾ ਹੈ ਕਿ ਮੈਂ ਤੈਨੂੰ ਕੁਝ ਨਹੀਂ ਦੇਣਾ, ਇੱਥੋਂ ਭੱਜ ਜਾ। ਕਿਉਂਕਿ ਉਸ ਜੀਵ ਨੂੰ ਚੇਤਾ ਆ ਜਾਂਦਾ ਹੈ ਕਿ ਇਹ ਤਾਂ ਮਰ ਚੁੱਕਾ ਹੈ ਅਤੇ ਸਤਿਸੰਗ ਵਿੱਚ ਵੀ ਬਚਨ ਆਏ ਸਨ ਕਿ ਮੁਰਦੇ ਨੂੰ ਕੁਝ ਵੀ ਨਹੀਂ ਦੇਣਾ ਚਾਹੀਦਾ। ਤਦ ਉਹ ਮੰਗਣ ਵਾਲਾ ਉੱਥੋ ਝੱਟ ਗਾਇਬ ਹੋ ਜਾਵੇਗਾ। ਸੋਈ ਬਾਹਰਮੁਖ ਤੁਰਨ ਵਾਲਿਆਂ ਨੂੰ ਤੁਰਨ ਵਾਲੇ, ਕਾਰਾਂ ਵਾਲਿਆਂ ਨੂੰ ਕਾਰਾਂ ਵਾਲੇ, ਜਹਾਜਾਂ ਵਾਲਿਆਂ ਨੂੰ ਜਹਾਜਾਂ ਵਾਲੇ ਹੀ ਮਿਲ ਸਕਦੇ ਹਨ। ਕਈ ਵਾਰ ਸਾਡੇ ਬਜੁਰਗ ਮਾਤਾ-ਪਿਤਾ ਜਾਂ ਦਾਦੀ-ਦਾਦੇ ਵਿੱਚੋਂ ਇੱਕ ਪਹਿਲਾਂ ਤੁਰ ਜਾਂਦਾ ਹੈ ਅਤੇ ਦੂਜਾ ਕਹਿੰਦਾ ਹੈ ਕਿ ਮੇਰੀ ਅਸਥੀਆਂ ਉੱਥੇ ਪਾਇਉ ਜਿੱਥੇ ਤੁਸੀਂ ਆਪਣੇ ਬਾਪੂ ਦੀਆਂ ਪਾਈਆਂ ਸਨ । ਕਿਉਂਕਿ ਬਾਪੂ ਮੈਨੂੰ ਉਡੀਕਦਾ ਹੋਵੇਗਾ ਕਿ ਆਉਣ ਵਾਲੀ ਹੈ। ਕਈ ਵਾਰ ਉਹਨਾਂ ਨੂੰ ਹੱਸ ਕੇ ਕਹਿ ਦੇਈਦਾ ਹੈ ਕਿ ਇੱਥੇ ਤੁਸੀਂ ਲੜਦੇ ਰਹਿੰਦੇ ਸੀ। ਉੱਥੇ ਵੀ ਲੜਨ ਜਾਣਾ ਹੈ ਜਾਂ ਠੀਕ ਰਹੋਗੇ? ਕਿਉਂਕਿ ਸੁਭਾਅ ਨਹੀਂ ਬਦਲਦੇ ਚਾਹੇ ਜੀਵ ਮਰਿਆ ਹੋਵੇ ਜਾਂ ਜਿਉਂਦਾ ਹੋਵੇ। ਗੁਰਬਾਣੀ ਅਨੁਸਾਰ ਇਹ ਸਿੱਧ ਹੋ ਗਿਆ ਕਿ ਮੁਰਦਿਆਂ ਨੂੰ ਮੁਰਦੇ ਮਿਲਦੇ ਹਨ। ਜਿਉਂਦਿਆਂ ਨੂੰ ਮੁਰਦੇ ਨਹੀਂ ਮਿਲਦੇ। ਜਿਉਂਦਾ ਉਹ ਹੈ ਜੋ ਗੁਰਬਾਣੀ ਨਾਲ ਜੁੜਿਆ ਹੈ। ਜੋ ਗੁਰਬਾਣੀ ਤੋਂ ਬੇਮੁੱਖ ਹੋ ਕੇ ਮੁਰਦਾ ਹੋ ਗਿਆ ਉਸ ਨੂੰ ਮੁਰਦੇ ਮਿਲਦੇ ਹਨ।

**ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥**

ਜੋ ਗੁਰਬਾਣੀ ਦਾ ਸਿਮਰਨ ਕਰਦੇ ਹਨ ਉਹ ਜਿਉਂਦੇ ਹਨ। ਅਗਰ ਤੁਸੀਂ ਸਿਮਰਨ ਕਰੋਗੇ ਤਦ ਤੁਹਾਨੂੰ ਅੰਦਰ ਜੋ ਆਤਮਾ ਮਿਲੇਗੀ ਉਹ ਸਿਮਰਨ ਕਰਦੀ ਹੋਈ ਮਿਲੇਗੀ। ਜਿਹੜੀ ਆਤਮਾ ਗੁਰਬਾਣੀ ਤੋਂ ਬੇਮੁੱਖ ਹੋ ਕੇ ਮੁਰਦਾ ਹੋ ਚੁੱਕੀ

ਹੈ ਉਹ ਰਾਤ ਨੂੰ ਮੁਰਦਿਆਂ ਨਾਲ ਹੀ ਗੱਲਾਂ ਕਰੇਗੀ।

**ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਸ ਤਾਕਤ ਦੀ ਸਿਫਤ ਕਰੋ ਜਿਸ ਨੇ ਸਾਰੀ ਦੁਨੀਆਂ ਦੀ ਰਚਨਾ ਕੀਤੀ ਹੈ। ਜਿਸ ਨੇ ਜੀਵ-ਜੰਤੂ, ਅਰਬਾਂ-ਖਰਬਾਂ ਲੋਕ, ਚੁਰਾਸੀ ਲੱਖ ਜੂਨੀਆਂ ਦੀ ਰਚਨਾ ਕੀਤੀ ਹੈ, ਜਿਸ ਨੇ ਐਨਾ ਕੁਝ ਬਣਾਇਆ ਹੈ, ਉਸ ਦਾ ਦਿਮਾਗ ਕਿੱਡਾ ਕੁ ਵੱਡਾ ਹੋਵੇਗਾ ? ਜਿਸ ਤਰ੍ਹਾਂ ਕੋਈ ਜੱਟ ਬੱਕਰੀ ਦਾ ਪੇਟ ਕੱਟ ਕੇ ਵਿੱਚ ਕਹੀ ਜਾਵੇ ਕਿ ਮੈਂ ਵੇਖਣਾ ਹੈ ਇਸ ਦੇ ਪੇਟ ਵਿੱਚ ਐਨੀਆਂ ਵਧੀਆ ਇੱਕੋ ਜਿਹੇ ਅਕਾਰ ਵਾਲੀਆਂ ਗੋਲੀਆਂ ਕੌਣ ਵੱਟਦਾ ਹੈ। ਅਗਰ ਹਕੀਮ ਵੀ ਗੋਲੀਆਂ ਬਣਾਉਂਦੇ ਹਨ ਤਾਂ ਉਹ ਵੀ ਛੋਟੀਆਂ ਵੱਡੀਆਂ ਹੋ ਜਾਂਦੀਆਂ ਹਨ। ਕੋਈ ਹੋਰ ਵੀ ਮਣਕਾ ਬਣਾਉਣਾ ਹੋਵੇ ਤਦ ਉਹ ਵੀ ਵੱਡਾ ਛੋਟਾ ਬਣ ਜਾਂਦਾ ਹੈ। ਅੱਜਕੱਲ ਤਾਂ ਮਸ਼ੀਨੀ ਯੁੱਗ ਆ ਗਿਆ ਹੈ। ਮਸ਼ੀਨਾਂ ਨਾਲ ਇੱਕੋ ਜਿਹੇ ਬਣ ਜਾਂਦੇ ਹਨ। ਉਸ ਜੱਟ ਨੇ ਬਕਰੀ ਮਾਰ ਲਈ ਪਰ ਉਸ ਨੂੰ ਅੰਦਰੋਂ ਗੋਲੀਆਂ ਬਣਾਉਣ ਵਾਲਾ ਨਹੀਂ ਲੱਭਾ। ਹੁਣ ਆਪਾਂ ਐਨੇ ਜੀਵ ਬੈਠੇ ਹਾਂ। ਕਿਸੇ ਦਾ ਚਿਹਰਾ ਦੂਸਰੇ ਵਰਗਾ ਨਹੀਂ ਹੈ। ਸਕੇ ਭਰਾ ਹੋਣ ਜਾਂ ਜੌੜੇ ਭਰਾ ਜਾਂ ਭੈਣਾਂ ਹੋਣ ਉਹਨਾਂ ਵਿਚ ਕੋਈ ਨਾ ਕੋਈ ਫਰਕ ਜਰੂਰ ਹੁੰਦਾ ਹੈ। ਚਾਹੇ ਉਹ ਲੰਬਾਈ ਦਾ, ਤਿਲ ਦਾ, ਨੈਣ ਨਕਸ਼ ਦਾ, ਮੱਥੇ ਦਾ, ਅੱਖਾਂ ਦਾ ਜਾਂ ਸਰੀਰ ਦਾ ਹੋਵੇ ਪਰ ਫਰਕ ਜਰੂਰ ਹੁੰਦਾ ਹੈ। ਉਹ ਸਤਿਗੁਰ ਐਨੇ ਵਧੀਆਂ ਕਾਰੀਗਰ ਹਨ ਉਹਨਾਂ ਨੇ ਇੱਕ ਵਰਗੀ ਕੋਈ ਦੂਸਰੀ ਚੀਜ ਨਹੀਂ ਬਣਾਈ। ਚੁਰਾਸੀ ਲੱਖ ਜੂਨੀਆਂ ਹਨ ਸਭ ਦੀ ਬਣਤਰ ਅਲੱਗ-ਅਲੱਗ ਹੈ।

**॥ ਪਉੜੀ ॥**

**ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥**

ਜੋ ਜੀਵ ਸੱਚ ਦੀ ਪੂਜਾ ਅਤੇ ਸਿਮਰਨ ਕਰਦੇ ਹਨ, ਸੱਚ ਉੱਪਰ ਵੀਚਾਰ ਕਰਦੇ ਹਨ ਉਹੋ ਹੀ ਸੱਚੇ ਹਨ।

**ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ ॥**

ਜਿਹੜੇ ਆਪਾ ਮਾਰ ਕੇ ਮਨ ਨਿਰਮਲ ਕਰ ਲੈਂਦੇ ਹਨ ਉਹਨਾਂ ਦੀ ਗੁਰਬਾਣੀ ਨਾਲ ਲਿਵ ਲੱਗ ਜਾਂਦੀ ਹੈ।

**ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ॥**

ਕੋਠੇ, ਮਹਲ-ਮਾੜੀਆ, ਜਾਇਦਾਦਾਂ, ਕਾਰਖਾਨੇ ਇਹ ਸਭ ਇੱਥੇ ਮਿਲੇ ਹਨ ਅਤੇ ਇੱਥੇ ਹੀ ਰਹਿ ਜਾਂਦੇ ਹਨ। ਜੋ ਇਹਨਾਂ ਨਾਲ ਪਿਆਰ ਪਾ ਲੈਂਦੇ ਹਨ ਉਹ ਗੰਵਾਰ ਹਨ।

**ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥**

ਜਿਉਂ-ਜਿਉਂ ਜੀਵ ਹਉਮੈ ਨੂੰ ਮਾਰ ਕੇ ਮਨ ਨਿਰਮਲ ਕਰੇਗਾ ਤਿਉਂ-ਤਿਉਂ ਹਜ਼ੂਰ ਦੀ ਬਖਸ਼ਿਸ਼ ਹੋਵੇਗੀ।

**ਜਿਸੁ ਬੁਝਾਇਹਿ ਸੋ ਬੁਝਸੀ ਸਚਿਆ**

**ਕਿਆ ਜੰਤ ਵੀਚਾਰੀ ੮ ॥**

ਸੱਚੇ ਪਾਤਿਸ਼ਾਹੋ! ਜਿਸ ਨੂੰ ਤੁਸੀਂ ਇਹ ਸੋਝੀ ਬਖਸ਼ੋਗੇ ਉਹੋ ਹੀ ਇਸ ਭੇਦ ਦੀ ਪ੍ਰਾਪਤੀ ਕਰ ਸਕੇਗਾ। ਅਸੀਂ ਜੀਵ ਜੰਤੂ ਆਪ ਇਸ ਭੇਦ ਦੀ ਪ੍ਰਾਪਤੀ ਨਹੀਂ ਕਰ ਸਕਦੇ।

# ਸਤਿਸੰਗ

**ਵਡਹੰਸੁ ਮਹਲਾ੧ ॥** **(ਅੰਗ 579)**

**ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਾਰਿਯਉ ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਸਾਧ ਸੰਗਤ ਜੀ! ਜਦੋਂ ਤੁਸੀਂ ਇੱਕ ਦੂਜੇ ਨੂੰ ਇੱਥੇ ਆ ਕੇ ਜਾਂ ਘਰ ਵਿੱਚ ਜਾਂ ਹੋਰ ਕਿਤੇ ਮਿਲਦੇ ਹੋ, ਜਾਂ ਸ਼ਰੀਕੇ ਬਰਾਦਰੀ ਜਾਂ ਵਿਆਹ ਸ਼ਾਦੀਆਂ ਵਿੱਚ ਮਿਲਦੇ ਹੋ ਤਦ ਪਹਿਲੀ ਵਾਰ ਇੱਕ ਦੂਸਰੇ ਨੂੰ ਮਿਲਣ ਤੇ ਸਤਿਨਾਮੁ, ਸਤਿ ਸ੍ਰੀ ਅਕਾਲ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਕਹਿ ਕੇ ਮਿਲੋ। ਸੱਚੇ ਨਾਮ ਨਾਲ ਜੁੜੋ। ਮਿਲਦਿਆਂ ਸਾਰ ਹੀ ਹਾਏ ਹਾਏ ਕਰਕੇ ਨਾ ਮਿਲੋ। ਜਦੋਂ ਮਿਲਦੇ ਹੋ ਉਦੋਂ ਇੱਕ ਸਹੇਲੀਆਂ ਅਤੇ ਸਹੇਲੇ ਅਤੇ ਇੱਕ ਸਤਿਸੰਗੀ ਦੇ ਤੌਰ ਤੇ ਮਿਲੋ। ਸਭ ਤੋਂ ਪਹਿਲਾਂ ਸਤਿਨਾਮੁ, ਸਤਿ ਸ੍ਰੀ ਅਕਾਲ ਕਹਿ ਕੇ ਹਾਲ ਚਾਲ ਪੁੱਛੋ ਕਿ ਕਦੋਂ ਕੁ ਦਾ ਸਤਿਸੰਗ ਸੁਣਨ ਗਿਆ ਏਂ ? ਮੈਨੂੰ ਕੋਈ ਗੁਰਬਾਣੀ ਦੇ ਬਚਨ ਸੁਣਾਂ। ਚਾਹੇ ਇੱਕ ਮਿੰਟ ਹੀ ਕਰੋ ਗੁਰਬਾਣੀ ਦੇ ਬਚਨ ਪਹਿਲਾਂ ਜਰੂਰ ਕਰੋ। ਮੁਸਲਮਾਨ ਕਹਿੰਦੇ ਹਨ ਕਿ

*ਚਲੋ ਅਪਨੀ ਜ਼ੁਬਾਂ ਸੇ ਇੱਕ ਮੁਬਾਰਕ ਕਾਮ ਲੇਤੇ ਹੈਂ।*

*ਅਲਾਹ ਕਾ ਜ਼ਿਕਰ ਕਰਤੇ ਹੈਂ ਅਲਾਹ ਕਾ ਨਾਮ ਲੇਤੇ ਹੈਂ।*

ਜ਼ੁਬਾਨ ਤੋਂ ਅੱਛਾ ਕੰਮ ਲਉ। ਜਦੋਂ ਵੀ ਗੁਰੂ ਪਿਆਰੇ ਆਪਸ ਵਿੱਚ ਮਿਲਦੇ ਹੋ, ਇੱਕ ਦੂਸਰੇ ਨਾਲ ਮਾਲਿਕ ਬਾਰੇ

ਬਚਨ ਜਰੂਰ ਕਰੋ। ਇਸ ਤਰਾਂ ਤੁਹਾਡੀ ਜੋ ਬੈਟਰੀ ਡੈੱਡ ਹੋਈ ਹੁੰਦੀ ਹੈ ਉਹ ਫੇਰ ਤੋਂ ਚਾਰਜ ਹੋ ਜਾਂਦੀ ਹੈ। ਵਰਨਾਂ ਤੁਸੀਂ ਸਭ ਨੇ ਮੋਬਾਈਲ ਫੋਨ ਰੱਖੇ ਹੋਏ ਹਨ। ਅਗਰ ਉਹਨਾਂ ਨੂੰ ਚਾਰਜ ਨਾ ਕਰੋ ਤਦ ਕਹਿੰਦੇ ਹਨ ਕਿ ਆਉਟ ਆਫ ਰੇਂਜ ਹੈ ਜਾਂ ਬੰਦ ਪਿਆ ਹੈ। ਇਸ ਕਰਕੇ ਜਦੋਂ ਤੁਸੀਂ ਗੁਰਬਾਣੀ ਦੇ ਬਚਨ ਕਰੋਗੇ ਤੁਹਾਡੀ ਬੈਟਰੀ ਫੇਰ ਤੋਂ ਚਾਰਜ ਹੋ ਜਾਵੇਗੀ। ਤੁਸੀਂ ਬੇ-ਭਾਵ ਤੋਂ ਭਾਵ ਵਿੱਚ ਆ ਜਾਵੋਗੇ।

**ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਰੋਣਾ ਹੈ ਤਾਂ ਬਿਰਹਾ ਵਿੱਚ ਰੋਵੋ ਹਾਏ-ਹਾਏ ਨਾ ਕਰੋ। ਜੋ ਜੀਵ ਮਾਲਿਕ ਦੇ ਬਿਰਹੋਂ ਵਿੱਚ, ਵੈਰਾਗ ਵਿੱਚ ਆਉਂਦੇ ਹਨ ਉਹਨਾਂ ਉੱਪਰ ਬਖਸ਼ਿਸ਼ ਹੁੰਦੀ ਹੈ। ਦੁੱਖ ਤਕਲੀਫ਼ ਵਿੱਚ ਤਾਂ ਹਾਏ-ਹਾਏ ਕਰਨਾ ਹੀ ਹੈ ਪਰ ਜੋ ਜੀਵ ਬਿਰਹਾ ਵਿੱਚ ਆਉਂਦਾ ਹੈ ਉਸ ਨੂੰ ਦੁੱਖ ਤਕਲੀਫ਼ ਬਹੁਤ ਘੱਟ ਆਉਂਦੀ ਹੈ

**ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ**
**ਅਸਾ ਭਿ ਓਥੈ ਜਾਣਾ॥**

ਅਗਰ ਕਿਸੇ ਸਮੇਂ ਕੋਈ ਬਿਪਤਾ ਪੈ ਜਾਂਦੀ ਹੈ, ਮੌਤ ਆ ਜਾਂਦੀ ਹੈ, ਕਿਸੇ ਦੇ ਪਰਿਵਾਰ ਵਿੱਚ ਕੋਈ ਘਟਨਾ ਵਾਪਰਦੀ ਹੈ ਤਦ ਮਾਲਿਕ ਤੋਂ ਬੇਮੁੱਖ ਨਾ ਹੋਵੋ।

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥੧੩॥*
*(ਅੰਗ 1381)*

*ਤਥਾ*

*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥*
*(ਅੰਗ 1429)*

ਅਗਰ ਕੋਈ ਸੰਕਟ ਆਉਂਦਾ ਹੈ ਤਦ ਉਸ ਨੂੰ ਮਿੱਠਾ ਕਰਕੇ ਮੰਨੋ।

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥2॥ (ਅੰਗ 394)*

ਫੇਰ ਜੋ ਸੰਕਟ ਆਇਆ ਹੁੰਦਾ ਹੈ ਹਜ਼ੂਰ ਉਸ ਨੂੰ ਟਾਲ ਦਿੰਦੇ ਹਨ। ਅਗਰ ਅਸੀਂ ਸੰਕਟ ਦੇ ਸਮੇਂ ਮਾਲਿਕ ਨੂੰ ਭੁੱਲ ਜਾਂਦੇ ਹਾਂ ਫੇਰ ਸੰਕਟ ਤੇ ਸੰਕਟ ਆਉਣਾ ਸ਼ੁਰੂ ਹੋ ਜਾਂਦਾ ਹੈ।

**ਜਿਸ ਕਾ ਕੀਆ ਤਿਨ ਹੀ ਲੀਆ**
**ਹੋਆ ਤਿਸੈ ਕਾ ਭਾਣਾ॥**

ਫੇਰ ਇਹ ਸਮਝੋ ਕਿ ਜਿਸ ਦੀ ਵਸਤੂ ਸੀ ਉਸ ਨੇ ਵਾਪਸ ਲੈ ਲਈ ਹੈ। ਮਾਲਿਕ ਨੇ ਸਾਨੂੰ ਸੁਆਸ ਬਖਸ਼ੇ ਸਨ ਉਹ ਵਾਪਸ ਲੈ ਲਏ ਹਨ। ਕੋਈ ਕਾਰੋਬਾਰ ਸੀ ਉਹ ਵਾਪਸ ਲੈ ਲਿਆ ਹੈ। ਇਹ ਸਭ ਉਸ ਦੀ ਮੌਜ ਹੈ।

*ਦਸ ਬਸਤੂ ਲੇ ਪਾਛੈ ਪਾਵੈ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥*
*ਤਉ ਮੂੜਾ ਕਹੁ ਕਹਾ ਕਰੇਇ॥ (ਅੰਗ 268)*

*ਤਥਾ*

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥*
*ਪ੍ਰਭ ਕੀ ਆਗਿਆ ਮਾਨੈ ਮਾਥੈ॥*
*ਉਸ ਤੇ ਚਉਗੁਨ ਕਰੈ ਨਿਹਾਲੁ॥*
*ਨਾਨਕ ਸਾਹਿਬੁ ਸਦਾ ਦਇਆਲੁ॥੨॥ (ਅੰਗ 268)*

ਅਗਰ ਅਸੀਂ ਮਾਲਿਕ ਦੇ ਭਾਣੇ ਵਿੱਚ ਚੱਲਾਂਗੇ ਫੇਰ ਮਾਲਿਕ ਬਰਕਤਾਂ ਪਾਉਂਦੇ ਹਨ, ਰਹਿਮਤ ਕਰਦੇ ਹਨ।

**ਜੋ ਤਿਨਿ ਕਰਿ ਪਾਇਆ**
**ਸੁ ਆਗੈ ਆਇਆ**
**ਅਸੀ ਕਿ ਹੁਕਮੁ ਕਰੇਹਾ॥**

ਜੀਵ ਨੂੰ ਪਤਾ ਨਹੀਂ ਹੁੰਦਾ ਕਿ ਉਸ ਨੇ ਕਿਹੜਾ ਐਸਾ ਕਰਮ ਕੀਤਾ ਹੈ ਜੋ ਉਸ ਦੇ ਅੱਗੇ ਆਇਆ ਹੈ। ਕਈ ਵਾਰ ਆਪਾਂ ਕਹਿੰਦੇ ਹਾਂ ਕਿ ਕਰਮ ਨੇ ਸਾਥ ਨਹੀਂ ਦਿੱਤਾ, ਕਰਮ ਹੀ ਐਸਾ ਸੀ। ਜਦੋਂ ਐਸਾ ਕਰਮ ਆਉਂਦਾ ਹੈ ਉਹ ਵਾਰਦ ਹੋ ਜਾਂਦਾ ਹੈ। ਜਦੋਂ ਕਰਮ ਵਾਰਦ ਹੁੰਦਾ ਹੈ ਅਗਰ ਉਸ ਵਕਤ ਜੀਵ ਗੁਰਬਾਣੀ ਨਾਲ ਜੁੜਿਆ ਹੋਵੇ ਤਦ ਬਚਾਅ ਹੋ ਸਕਦਾ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਸਲੋਕ ਉਚਾਰਨ ਕਰਕੇ ਇਹ ਸਾਰਾ ਭੇਦ ਪਰਗਟ ਕੀਤਾ ਹੈ ਕਿ

*ਚਲਤੀ ਚਕੀ ਦੇਖ ਕੇ ਦੀਆ ਕਬੀਰਾ ਰੋਇ॥*
*ਦੋ ਪਾਟਨ ਕੇ ਬੀਚ ਮੇਂ ਸਾਬਤ ਰਹਾ ਨ ਕੋਇ॥*

ਚੱਕੀ ਚੱਲ ਰਹੀ ਸੀ, ਦਾਣੇ ਪਿਸ ਰਹੇ ਸਨ। ਉਸ ਵੱਲ ਦੇਖ ਕੇ ਹਜ਼ੂਰ ਕਬੀਰ ਸਾਹਿਬ ਜੀ ਨੇ ਸੰਗਤ ਨੂੰ ਕਿਹਾ ਕਿ ਦੇਖੋ ਇਹ ਕਾਲ ਦੇ ਪੜੁਏ ਚੱਲ ਰਹੇ ਹਨ। ਸਭ ਦਾਣੇ ਇਸ ਵਿੱਚ ਖਤਮ ਹੁੰਦੇ ਜਾ ਰਹੇ ਹਨ। ਹਜ਼ੂਰ ਕਬੀਰ ਸਾਹਿਬ ਜੀ ਦੇ ਸੇਵਕ ਕਮਾਲ ਜੀ ਸਨ। ਉਹ ਕਹਿਣ ਲੱਗੇ ਸੱਚੇ ਪਾਤਿਸ਼ਾਹੋ! ਕੁਝ ਦਾਣੇ ਬੱਚੇ ਵੀ ਹਨ। ਉਹ ਕਹਿਣ ਲੱਗੇ

*ਚਲਤੀ ਚਕੀ ਦੇਖ ਕੇ ਦੀਆ ਕਮਾਲ ਹਸਾਇ॥*
*ਕੀਲ ਸਹਾਰੇ ਜੋ ਰਹੈ ਵਾਲ ਵਾਲ ਬਚ ਜਾਇ॥*

ਜਦੋਂ ਸਾਰੇ ਦਾਣੇ ਪੀਸੇ ਜਾਂਦੇ ਸਨ ਫੇਰ ਚੱਕੀ ਦੇ ਪੜੁਏ ਨੂੰ ਚੁੱਕ ਕੇ ਦੇਖੋ ਜੋ ਦਾਣੇ ਕਿੱਲੀ ਨਾਲ ਲੱਗੇ ਹੁੰਦੇ ਹਨ ਉਹਨਾਂ ਨੂੰ ਖਿਲਾਰ ਦਿੱਤਾ ਜਾਂਦਾ ਹੈ ਤਾਂ ਕਿ ਉਹ ਵੀ ਪੀਸੇ

ਜਾ ਸਕਣ। ਸੋਈ ਜੋ ਦਾਣੇ ਕਿੱਲੀ ਨਾਲ ਲੱਗ ਜਾਂਦੇ ਸੀ ਉਹਨਾਂ ਨੂੰ ਚੱਕੀ ਵੀ ਕੁੱਝ ਨਹੀਂ ਕਹਿ ਸਕਦੀ। ਜੋ ਨਾਮ ਦੀ ਕਿੱਲੀ ਨਾਲ, ਪ੍ਰਭੂ ਨਾਲ ਜੁੜ ਜਾਂਦੇ ਹਨ ਉਹਨਾਂ ਨੂੰ ਕਾਲ ਦੇ ਪੜ੍ਹਏ ਕੁਝ ਨਹੀਂ ਕਹਿ ਸਕਦੇ, ਉਹ ਕਾਲ ਤੋਂ ਬਚ ਜਾਂਦੇ ਹਨ।

**ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥**

ਅਗਰ ਐਸਾ ਹੁਕਮਨਾਮਾ ਆਉਂਦਾ ਹੈ ਤਦ ਇਹ ਨਾ ਸੋਚੋ ਕਿ ਹੁਕਮਨਾਮਾ ਸਖਤ ਆਇਆ ਹੈ। ਗੁਰੂ ਦੀ ਬਾਣੀ ਕੋਈ ਮਾੜੀ ਜਾਂ ਸਖਤ ਨਹੀਂ ਹੈ। ਇਹ ਤਾਂ ਇਨਸਾਨ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਆਪਾਂ ਸਭ ਨੇ ਚਲੇ ਜਾਣਾ ਹੈ। ਇਸ ਵਿੱਚੋਂ ਦੋ ਮਿੰਟ ਤਾਂ ਚੰਗੇ ਪਾਸੇ ਲਾ ਲਈਏ।

*ਬਾਦਿਸਾਹ ਸਾਹ ਵਪਾਰੀ ਮਰਨਾ।*
*ਜੋ ਦੀਸੈ ਸੋ ਕਾਲਹਿ ਪਰਨਾ॥ (ਅੰਗ 740)*

ਜਿੰਨੇ ਵੀ ਰਾਜੇ ਮਹਾਰਾਜੇ ਆਏ ਸਨ ਸਾਰੇ ਹੀ ਇੱਥੋਂ ਚਲੇ ਗਏ। ਪਰ ਇਸ ਜੀਵਨ ਵਿੱਚੋਂ ਅਸੀਂ ਅੱਛੇ ਕੰਮ ਵਾਸਤੇ ਪ੍ਰਮਾਤਮਾ ਦਾ ਨਾਮ ਲੈਣ ਵਾਸਤੇ ਕੋਈ ਸਮਾਂ ਕੱਢ ਲਈਏ। ਸੋਈ ਜਦੋਂ ਵੀ ਸਤਿਸੰਗੀ, ਗੁਰੂ ਪਿਆਰੇ, ਸੰਗਤ ਦੇ ਜੀਵ ਆਪਸ ਵਿੱਚ ਮਿਲਦੇ ਹੋ ਉਦੋਂ ਜ਼ਰੂਰ ਹੀ ਰੱਬ ਦਾ ਨਾਮ ਲੈਣਾ ਚਾਹੀਦਾ ਹੈ। ਐਸਾ ਕਰਨ ਨਾਲ ਕਰਮ ਟੱਲ ਜਾਂਦਾ ਹੈ, ਕਰਮ ਠੀਕ ਹੋ ਜਾਂਦਾ ਹੈ। ਉਂਝ ਕਹਿਣਗੇ ਮੇਰੇ ਕੋਲ ਸਮਾਂ ਨਹੀਂ ਹੈ। ਕਿਸੇ ਨੂੰ ਕਹੋ ਪਾਣੀ ਪੀ ਲੈ ਝੱਟ ਕਹਿਣਗੇ ਮੇਰੇ ਕੋਲ ਟਾਈਮ ਨਹੀਂ ਹੈ। ਉਂਝ ਪੀ. ਏ. ਪੀ. ਚੌਂਕ ਵਿੱਚ ਜਾਂ ਰਾਮਾ ਮੰਡੀ ਚੌਂਕ ਵਿੱਚ ਜਾ ਕੇ ਜਾਮ ਵਿੱਚ ਚਾਹੇ ਘੰਟਾ ਫਸਿਆ ਰਹੇ ਜਾਂ ਫਾਟਕ ਹੀ ਬੰਦ ਮਿਲ ਜਾਵੇ ਪਰ ਤੁਰਨ ਲੱਗਿਆਂ ਅਸੀਂ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦੇ। ਇਸ ਕਰਕੇ ਜਦੋਂ ਵੀ ਮਿਲਦੇ ਹੋ ਉਦੋਂ ਦੋ ਮਿੰਟ ਪ੍ਰਮਾਤਮਾ ਦਾ ਨਾਮ ਜ਼ਰੂਰ ਲਉ। ਜਿਸ ਵੀ ਪਾਤਿਸ਼ਾਹੀ ਦੇ ਬਚਨ ਚੰਗੇ ਲੱਗਦੇ ਹਨ ਉਸੇ ਦੇ ਕਰ ਲਉ। ਜਿਹੜਾ ਸ਼ਬਦ ਤੁਹਾਨੂੰ ਚੰਗਾ ਲੱਗਦਾ ਹੈ ਉਸੇ ਨਾਲ ਬੁਲਾ ਲਉ। ਸਤਿਨਾਮੁ ਕਹਿ ਲਵੋ, ਵਾਹਿਗੁਰੂ, ਰਾਮ-ਰਾਮ, ਗੁਡ ਮਾਰਨਿੰਗ, ਸਲਾਮ-ਏ-ਲੇਕਮ ਕਹਿ ਲਵੋ। ਪਰ ਰੱਬ ਦਾ ਨਾਮ ਮਿਲਣ ਸਮੇਂ ਜ਼ਰੂਰ ਲਵੋ। ਕਿਉਂਕਿ

*ਤੁਲਸੀ ਅਪਨੇ ਪੀਵ ਕੋ ਰੀਝ ਭਜੋ ਚਾਹੇ ਖੀਝ।*
*ਖੇਤ ਪੜੇ ਸਭ ਉਗੇਂਗੇ ਉਲਟੇ ਸੀਧੇ ਬੀਜ।*

ਕਿਸਾਨ ਦਾਣਿਆਂ ਦਾ ਛੱਟਾ ਦਿੰਦਾ ਹੈ ਤਦ ਪੁੱਠਾ ਦਾਣਾ ਵੀ ਉੱਗ ਪੈਂਦਾ ਹੈ ਅਤੇ ਸਿੱਧਾ ਵੀ ਉੱਗ ਪੈਂਦਾ ਹੈ। ਇਸ ਕਰਕੇ ਤੁਸੀਂ ਜਦੋਂ ਰੱਬ ਦਾ ਨਾਮ ਲਵੋਗੇ ਉਹ ਗਿਣਤੀ ਵਿੱਚ ਆ ਜਾਂਦਾ ਹੈ।

# ਸਤਿਸੰਗ

**ਗਉੜੀ ਸੁਖਮਨੀ ਮ: ੫॥** (ਅੰਗ 272)

**॥ ਸਲੋਕ ॥**

**ਮਨਿ ਸਾਚਾ ਮੁਖਿ ਸਾਚਾ ਸੋਇ॥**
**ਅਵਰੁ ਨ ਪੇਖੈ ਏਕਸੁ ਬਿਨੁ ਕੋਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਕਈ ਦਫਾ ਜੀਵ ਕਹਿੰਦਾ ਹੈ ਕਿ ਫਲਾਣੇ ਦੀ ਕਹੀ ਹੋਈ ਗੱਲ ਪੂਰੀ ਹੋ ਜਾਂਦੀ ਹੈ। ਉਸ ਦਾ ਰਾਜ਼ ਇਹ ਹੈ ਕਿ ਉਸ ਜੀਵ ਨੇ ਭਗਤੀ ਅਤੇ ਬੰਦਗੀ ਕਰਕੇ ਆਪਣੇ ਮਨ ਨੂੰ ਸੁੱਚਾ ਅਤੇ ਸੱਚਾ ਕਰ ਲਿਆ ਹੁੰਦਾ ਹੈ। ਜਦੋਂ ਇਨਸਾਨ ਦੇ ਅੰਦਰ ਸੱਚ ਪ੍ਰਗਟ ਹੋ ਜਾਂਦਾ ਹੈ, ਫੇਰ ਉਸ ਦੇ ਮੁੱਖ ਵਿੱਚੋਂ ਜੋ ਵੀ ਬਚਨ ਨਿਕਲਦੇ ਹਨ ਉਹ ਪੂਰੇ ਹੋ ਜਾਂਦੇ ਹਨ। ਆਮ ਤੌਰ ਤੇ ਆਪਾਂ ਹਰ ਰੋਜ਼ ਵਾਹਿਗੁਰੂ, ਸਤਿਨਾਮੁ-ਵਾਹਿਗੁਰੂ, ਰਾਮ-ਰਾਮ ਕਹਿੰਦੇ ਰਹਿੰਦੇ ਹਾਂ। ਪਰ ਸਾਡੀ ਸਿਰ ਦਰਦ ਵੀ ਨਹੀਂ ਹੱਟਦੀ। ਪਰੰਤੂ ਚਾਹੇ ਕਿੰਨੀ ਵੀ ਤਕਲੀਫ ਹੋਵੇ ਅਗਰ ਪੂਰਨ ਸਾਧੂ ਸੰਤ ਕਹਿ ਦੇਣ ਕਿ ਪੁਤਰ! ਸਤਿਨਾਮੁ ਕਹੋ, ਵਾਹਿਗੁਰੂ ਕਹੋ, ਰਾਮ-ਰਾਮ ਕਹੋ। ਤਦ ਉਹ ਜੀਵ ਉਸੇ ਵਕਤ ਠੀਕ ਹੋ ਜਾਂਦੇ ਹਨ। ਜਿਸ ਤਰ੍ਹਾਂ ਮਾਤਾ ਲੋਈ ਜੀ ਕੋਲ ਆ ਕੇ ਕੋਹੜਿਆਂ ਨੇ ਫਰਿਆਦ ਕੀਤੀ ਕਿ ਹਜ਼ੂਰ ਕਬੀਰ ਸਾਹਿਬ ਕਿੱਥੇ ਹਨ? ਮਾਤਾ ਲੋਈ ਜੀ ਨੇ ਕਿਹਾ ਉਹ ਤਾਂ ਬਾਹਰ ਗਏ ਹੋਏ ਹਨ। ਤਦ ਕੋਹੜਿਆਂ ਨੇ ਕਿਹਾ ਕਿ ਤੁਸੀਂ ਸਾਡੀ ਬੇਨਤੀ ਕਬੂਲ ਕਰੋ ਅਤੇ ਸਾਡਾ ਕਸ਼ਟ ਨਿਵਾਰਨ ਕਰੋ। ਬਹੁਤ ਜਿਦ ਕਰਨ ਤੇ ਮਾਤਾ ਲੋਈ ਜੀ ਨੇ ਕਿਹਾ ਪੁਤਰ! ਤਿੰਨ ਵਾਰ ਰਾਮ-ਰਾਮ-ਰਾਮ ਕਹੋ। ਜਦੋਂ ਕੋਹੜੇ ਨੇ ਤਿੰਨ ਵਾਰ ਰਾਮ ਰਾਮ-ਰਾਮ ਕਿਹਾ ਤਾਂ ਉਸ ਦਾ ਕੋਹੜ ਹੱਟ ਗਿਆ। ਮਾਤਾ ਲੋਈ ਜੀ ਬਹੁਤ ਖੁਸ਼ ਹੋਏ ਅਤੇ ਹਜ਼ੂਰ ਕਬੀਰ ਸਾਹਿਬ ਜੀ ਨੂੰ ਸਾਰੀ ਗੱਲ ਦੱਸੀ। ਤਦ ਹਜ਼ੂਰ ਕਬੀਰ ਸਾਹਿਬ ਜੀ ਨੇ ਫੁਰਮਾਨ ਕੀਤਾ

*ਲੋਈਏ ਰਾਮ ਪਿਆਰੀਏ*
*ਕਿਉਂ ਰਾਮ ਸਵੱਲਾ ਲਾਇਆ।*
*ਤਿੰਨ ਵਾਰੀ ਰਾਮ ਕਹਿ ਕੇ*
*ਇੱਕ ਕੋਹੜੇ ਦਾ ਕੋਹੜ ਹਟਾਇਆ।*
*ਤੂੰ ਇੱਕ ਵਾਰੀ ਰਾਮ ਕਹਿ ਦੇਂਦੀਉਂ*
*ਸਾਰੇ ਜੱਗ ਦਾ ਹੀ ਕੋਹੜ ਹਟਾ ਦੇਂਦੀਉਂ*

ਜਿਹਨਾਂ ਦੇ ਅੰਦਰ ਸੱਚ ਪ੍ਰਗਟ ਹੋ ਜਾਂਦਾ ਹੈ ਉਹ ਮੁਖਾਰਬਿੰਦ 'ਚੋਂ ਜੋ ਵੀ ਬਚਨ ਕਹਿੰਦੇ ਹਨ ਉਹ ਪੂਰੇ ਹੋ ਜਾਂਦੇ ਹਨ।

*ਸਾਧੂ ਬੋਲੇ ਸਹਿਜ ਸੁਭਾਅ।*

*ਸਾਧ ਕਾ ਬੋਲਾ ਬਿਰਥਾ ਨਾ ਜਾਹ।*

ਪਰੰਤੂ ਉਹ ਖਿਆਲ ਵਿੱਚ ਵੀ ਦੂਜੇ ਪਾਸੇ ਧਿਆਨ ਨਹੀਂ ਲਿਜਾਂਦੇ। ਪੇਖਣਾ ਤੋਂ ਭਾਵ ਹੈ ਖਿਆਲ ਵਿੱਚ ਆਉਣਾ ਕਿ ਫਲਾਣੀ ਜਗ੍ਹਾ ਵੀ ਸੰਤ ਰਹਿੰਦੇ ਹਨ, ਫਲਾਣੀ ਜਗ੍ਹਾ ਵੀ ਬਾਬਾ ਜੀ ਰਹਿੰਦੇ ਹਨ ਜਾਂ ਫਲਾਣੀ ਜਗ੍ਹਾ ਪੂਜਾ ਹੁੰਦੀ ਹੈ। ਜਾਂ ਖਿਆਲ ਵਿੱਚ ਆ ਜਾਣਾ ਕਿ ਕਿਸੇ ਦਿਨ ਉੱਥੇ ਜਾ ਕੇ ਦੇਖੀਏ ਉਹ ਕੀ ਕਹਿੰਦੇ ਹਨ ਜਾਂ ਉੱਥੇ ਬਖਸ਼ਿਸ਼ ਹੈ ਜਾਂ ਨਹੀਂ। ਕਿਤੇ ਆਪ ਜਾ ਕੇ ਦੇਖਣ ਨੂੰ ਦੇਖਣਾ ਕਹਿੰਦੇ ਹਨ ਪਰ ਖਿਆਲ ਵਿੱਚ ਸੋਚਣ ਨੂੰ ਪੇਖਣਾ ਕਹਿੰਦੇ ਹਨ। ਜੋ ਪ੍ਰਾਣੀ ਖਿਆਲ ਵਿੱਚ ਵੀ ਦੂਜੇ ਪਾਸੇ ਨਹੀਂ ਜਾਂਦੇ ਅਤੇ ਆਪਣੇ ਮਾਲਿਕ ਨਾਲ ਜੁੜੇ ਰਹਿੰਦੇ ਹਨ ਉਹਨਾਂ ਦਾ ਕਿਹਾ ਪੂਰਾ ਹੁੰਦਾ ਹੈ। ਉਹੋ ਹੀ ਸੱਚੇ ਸੁੱਚੇ ਹੁੰਦੇ ਹਨ।

*ਇਕ ਆਸ ਇਕ ਵਿਸ਼ਵਾਸ*
*ਸਵਾਂਤ ਸਲਲ ਗੁਰੂ ਚਰਨ ਹੈ*
*ਚਾਤ੍ਰਿਕ ਤੁਲਸੀ ਦਾਸ।*

ਜਿਸ ਤਰ੍ਹਾਂ ਪਪੀਹਾ ਸਵਾਂਤ ਬੂੰਦ ਤੋਂ ਬਿਨਾਂ ਮੂੰਹ ਵਿੱਚ ਪਾਣੀ ਨਹੀਂ ਪਾਉਂਦਾ। ਉਸ ਨੂੰ ਚਾਹੇ ਟਿਊਬਵੈੱਲ, ਦਰਿਆ, ਨਦੀ ਜਾਂ ਨਹਿਰ ਤੇ ਲੈ ਜਾਉ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹਨਾਂ ਜੀਵਾਂ ਦੀ ਇਹੋ ਪਛਾਣ ਹੈ।

**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥**

ਜੋ ਜੀਵ ਇਸ ਤਰ੍ਹਾਂ ਦੀ ਰਹਿਣੀ ਵਿੱਚ ਰਹਿੰਦੇ ਹਨ ਉਹਨਾਂ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ। ਆਪਾਂ ਹਰ ਡੇਰੇ ਦੇ ਸਾਧੂ ਸੰਤ ਨੂੰ ਬ੍ਰਹਮ ਗਿਆਨੀ ਕਹਿੰਦੇ ਹਾਂ। ਪਰ ਜਿਸ ਨੇ ਸਿਮਰਨ ਕਰਕੇ ਆਪਣਾ ਜੀਵਨ ਸਾਧਿਆ ਹੋਵੇ ਅਤੇ ਸੁਪਨੇ ਵਿੱਚ ਵੀ ਉਸ ਦਾ ਖਿਆਲ ਦੂਜੇ ਪਾਸੇ ਨਾ ਜਾਂਦਾ ਹੋਵੇ ਉਸ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ।

**॥ ਅਸਟਪਦੀ ॥**

**ਬ੍ਰਹਮ ਗਿਆਨੀ ਸਦਾ ਨਿਰਲੇਪ ॥**
**ਜੈਸੇ ਜਲ ਮਹਿ ਕਮਲ ਅਲੇਪ ॥**

ਉਹ ਦੁਨੀਆਂ ਵਿੱਚ ਵਿਚਰਦੇ ਹੋਏ ਵੀ ਕਿਸੇ ਨਾਲ ਲਗਾਉ ਨਹੀਂ ਰੱਖਦੇ ਅਤੇ ਕਿਸੇ ਨਾਲੋਂ ਤੋੜਦੇ ਵੀ ਨਹੀਂ ਹਨ। ਉਹ ਨਿਰਲੇਪ ਰਹਿੰਦੇ ਹਨ। ਜਿਸ ਤਰ੍ਹਾਂ ਕਮਲ ਦਾ ਫੁੱਲ ਚਿੱਕੜ ਵਿੱਚ ਉੱਗ ਕੇ ਵੀ ਆਪਣੀ ਹੋਂਦ ਵਿਗਾੜਦਾ ਨਹੀਂ ਹੈ। ਅਗਰ ਇਹ ਸੋਚੀਏ ਕਿ ਚਿੱਕੜ ਵਿੱਚ ਵਧੀਆ ਚੀਜ ਨਹੀਂ ਪੈਦਾ ਹੁੰਦੀ ਤਦ ਕਮਲ ਦਾ ਫੁੱਲ ਤਾਂ ਚਿੱਕੜ ਵਿੱਚ ਹੀ ਉੱਗਦਾ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨੀ ਦੁਨੀਆਂ ਵਿੱਚ ਚਾਹੇ ਕਿਸੇ ਵੀ ਤਰ੍ਹਾਂ ਦੇ ਜੀਵਾਂ ਵਿੱਚ ਵਿਚਰਨ, ਉਹ ਚੰਗੇ ਜੀਵਾਂ ਕੋਲ ਜਾਣ ਜਾਂ ਮਾੜੇ ਜੀਵਾਂ ਕੋਲ ਜਾਣ, ਸਾਧੂਆਂ ਕੋਲ ਜਾਣ ਜਾਂ ਗ੍ਰਿਹਸਤੀ ਜੀਵਨ ਵਿੱਚ ਰਹਿਣ ਉਹਨਾਂ ਉੱਪਰ ਕਿਸੇ ਦਾ ਕੋਈ ਅਸਰ ਨਹੀਂ ਹੁੰਦਾ। ਜਿਸ ਤਰ੍ਹਾਂ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਜੈਸੇ ਜਲ ਮਹਿ ਕਮਲੁ ਨਿਰਾਲਮੁ*
*ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰ ਤਰੀਐ*
*ਨਾਨਕ ਨਾਮੁ ਵਖਾਣੇ ॥*

ਉਹ ਸੁਰਤ ਅਤੇ ਸ਼ਬਦ ਦੁਆਰਾ ਅੰਦਰ ਮਾਲਿਕ ਨਾਲ ਜੁੜੇ ਹੁੰਦੇ ਹਨ। ਉਹਨਾਂ ਉੱਪਰ ਦੁਨੀਆਂਦਾਰੀ ਦਾ ਕੋਈ ਅਸਰ ਨਹੀਂ ਹੁੰਦਾ।

**ਬ੍ਰਹਮ ਗਿਆਨੀ ਸਦਾ ਨਿਰਦੋਖ ॥**
**ਜੈਸੇ ਸੂਰੁ ਸਰਬ ਕਉ ਸੋਖ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਬ੍ਰਹਮ ਗਿਆਨੀ ਕਿਸੇ ਨਾਲ ਵਿਰੋਧਤਾ ਜਾਂ ਦਵੈਤ ਨਹੀਂ ਰੱਖਦਾ। ਕਿਸੇ ਦਾ ਦੋਖੀ ਨਹੀਂ ਬਣਦਾ, ਜਿਸ ਤਰ੍ਹਾਂ ਸੂਰਜ ਗਰੀਬ ਅਤੇ ਅਮੀਰ ਦੇ ਘਰ ਉੱਪਰ ਬਰਾਬਰ ਦੀ ਆਕਸੀਜਨ ਅਤੇ ਰੋਸ਼ਨੀ ਦਿੰਦਾ ਹੈ। ਸੂਰਜ ਇਹ ਨਹੀਂ ਕਹਿੰਦਾ ਕਿ ਇਹ ਅਮੀਰ ਦੀ ਕੋਠੀ ਹੈ ਇਸ ਉੱਪਰ ਮੈਂ ਜਿਆਦਾ ਆਕਸੀਜਨ ਅਤੇ ਰੋਸ਼ਨੀ ਦੇਵਾਂ ਜਾਂ ਗਰੀਬ ਦੀ ਝੋਂਪੜੀ ਤੇ ਘੱਟ ਦੇਵਾਂ ਜਾਂ ਬਿਮਾਰ ਨੂੰ ਘੱਟ ਦੇਵਾਂ ਜਾਂ ਪਹਿਲਵਾਨ ਨੂੰ ਜਿਆਦਾ ਦੇਵਾਂ ਇਸ ਨੇ ਕਸਰਤ ਕਰਨੀ ਹੈ। ਜਿਸ ਤਰ੍ਹਾਂ ਸੂਰਜ ਸਾਰਿਆਂ ਨਾਲ ਇੱਕੋ ਜਿਹਾ ਵਿਹਾਰ ਕਰਦਾ ਹੈ ਇਸ ਤਰ੍ਹਾਂ ਸਾਧੂ ਸਭ ਉੱਪਰ ਬਰਾਬਰ ਬਖਸ਼ਿਸ਼ ਕਰਦੇ ਹਨ।

**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥**
**ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥**

ਉਹ ਗ੍ਰਿਹਸਤੀ ਜੀਵਨ ਵਿੱਚ ਰਹਿੰਦਿਆਂ ਹੋਇਆਂ ਵੀ

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ (ਅੰਗ 284)*

ਉਹ ਅਮੀਰ ਅਤੇ ਗਰੀਬ ਵਿੱਚ ਕੋਈ ਅੰਤਰ ਨਹੀਂ ਰੱਖਦੇ। ਵਰਨਾਂ ਆਪਾਂ ਦੇਖ-ਦੇਖ ਕੇ ਟਿੱਕੇ ਲਾਉਂਦੇ ਹਾਂ ਕਿ ਇਹ ਗਰੀਬ ਹੈ ਇਸ ਨੂੰ ਪਿੱਛੇ ਕਰ ਦਿਉ। ਇਹ ਅਮੀਰ ਹੈ ਜਾਂ ਵਿਦੇਸ਼ ਵਿੱਚੋਂ ਆਇਆ ਹੈ ਇਸ ਨੂੰ ਅੱਗੇ ਕਰ ਦਿਉ। ਜਿਸ ਤਰ੍ਹਾਂ ਬਲਖ ਬੁਖਾਰੇ ਦੇ ਰਾਜੇ ਨੇ ਸ਼ੱਕ ਕੀਤਾ ਕਿ ਮੇਰੇ ਸਤਿਗੁਰ ਜੀ ਛੱਜੂ ਭਗਤ ਨੂੰ ਅੱਗੇ ਰੱਖਦੇ ਹਨ। ਐਸਾ ਨਹੀਂ ਹੈ। ਉਹਨਾਂ ਦੀ ਦ੍ਰਿਸ਼ਟੀ ਵਿੱਚ ਕੋਈ ਵੱਡਾ ਜਾਂ ਛੋਟਾ ਨਹੀਂ ਹੈ। ਕੋਈ ਅਮੀਰ ਜਾਂ ਗਰੀਬ ਨਹੀਂ ਹੈ। ਉਹ ਹਰ ਇੱਕ ਨਾਲ ਇੱਕੋ ਜਿਹਾ ਵਿਹਾਰ ਰੱਖਦੇ ਹਨ ਅਤੇ ਇੱਕੋ ਜਿਹਾ ਪਿਆਰ ਕਰਦੇ ਹਨ। ਜੋ ਸਿਮਰਨ ਕਰਦੇ ਹਨ ਉਹਨਾਂ ਨੂੰ ਜ਼ਿਆਦਾ ਪਿਆਰ ਕਰਦੇ ਹਨ।

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥**
**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਸ ਤਰ੍ਹਾਂ ਚਾਹੇ ਕੋਈ ਵਡਿਆਈ ਕਰੇ ਜਾਂ ਵਿਰੋਧਤਾ ਕਰੇ। ਜਿਸ ਤਰ੍ਹਾਂ ਖੋਤੇ ਨੂੰ ਚਾਹੇ ਚੰਦਨ ਦਾ ਲੇਪ ਕਰ ਦਿਉ ਜਾਂ ਕੋਈ ਹੋਰ ਲੇਪ ਕਰ ਦਿਉ ਉਸ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਖੋਤਾ ਆਪਣੇ ਆਪ ਨੂੰ ਬਿਲਕੁੱਲ ਹੋਂਦ ਵਿੱਚ ਨਹੀਂ ਰੱਖਦਾ। ਇਸੇ ਤਰ੍ਹਾਂ

ਸਾਧੂਆਂ ਦੀ ਚਾਹੇ ਕੋਈ ਵਡਿਆਈ ਕਰਦਾ ਹੈ ਜਾਂ ਨਿਰਾਦਰੀ ਕਰਦਾ ਹੈ ਉਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ।

*ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ*
*ਛੋੜਿਆ ਹਭੁ ਕਿਝੁ ਤਿਆਗੀ ॥ (963)*

ਉਹ ਉਸਤਤਿ ਨਿੰਦਿਆ ਤੋਂ ਮੁਕਤ ਹੋਏ ਹੁੰਦੇ ਹਨ। ਉਹ ਚੰਦਨ ਦੇ ਲੇਪ ਅਤੇ ਗੋਬਰ ਦੇ ਲੇਪ ਨੂੰ ਇੱਕੋ ਜਿਹਾ ਸਮਝਦੇ ਹਨ।

**ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥**
**ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥**

ਹਜ਼ੂਰ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਦਾ ਇਹ ਸੁਭਾਅ ਹੈ ਕਿ ਮਾਲਕ ਜੋ ਵੀ ਬਖਸ਼ਿਸ਼ ਕਰਨ ਉਸ ਨੂੰ ਸਤਿ ਕਰਕੇ ਮੰਨ ਲੈਣਾ। ਉਹਨਾਂ ਦੀ ਜਿੰਦਗੀ ਵਿੱਚ ਜਿਸ ਤਰ੍ਹਾਂ ਦਾ ਵੀ ਸਮਾਂ ਆਉਂਦਾ ਹੈ ਚਾਹੇ ਸੁਖ ਆਉਂਦਾ ਹੈ ਜਾਂ ਦੁੱਖ ਆਉਂਦਾ ਹੈ, ਖੁਸ਼ੀ ਆਉਂਦੀ ਹੈ ਜਾਂ ਗਮੀ ਆਉਂਦੀ ਹੈ ਜਾਂ ਕਿਸੇ ਕੰਮ ਵਿੱਚ ਰੁਕਾਵਟ ਆਉਂਦੀ ਹੈ ਜਾਂ ਕੰਮ ਨੇਪਰੇ ਚੜ੍ਹ ਜਾਂਦਾ ਹੈ ਪਰ ਉਹ ਇੱਕੋ ਜਿਹੇ ਰਹਿੰਦੇ ਹਨ। ਉਹ ਆਪਣੇ ਸੁਭਾਅ ਵਿੱਚ ਬਦਲੀ ਨਹੀਂ ਲਿਆਉਂਦੇ। ਉਹ ਇਹੋ ਕਹਿੰਦੇ ਹਨ ਕਿ

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥ (ਅੰਗ 394)*

ਉਹ ਮਾਲਿਕ ਦੇ ਕੀਤੇ ਉੱਪਰ ਕਿੰਤੂ ਪ੍ਰੰਤੂ ਨਹੀਂ ਕਰਦੇ। ਇਸੇ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ। ਸੋਈ ਬ੍ਰਹਮ ਗਿਆਨੀ ਦੀ ਕਿੰਨੀ ਉੱਚੀ ਅਤੇ ਸੁੱਚੀ ਅਵਸਥਾ ਦੱਸੀ ਗਈ ਹੈ। ਆਪਾਂ ਕਹਿੰਦੇ ਹਾਂ ਕਿ ਉਹ ਬ੍ਰਹਮ ਗਿਆਨੀ ਹੈ, ਉਹ ਪੂਰਨ ਬ੍ਰਹਮ ਗਿਆਨੀ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਇਹ ਭੇਦ ਬਖਸ਼ ਰਹੇ ਹਨ ਕਿ ਹਰ ਕੋਈ ਬ੍ਰਹਮ ਗਿਆਨੀ ਨਹੀਂ ਬਣ ਸਕਦਾ। ਆਪਾਂ ਜਿੰਨੇ ਵੀ ਧਾਰਮਿਕ, ਸਮਾਜਿਕ ਜਾਂ ਸਿਆਸੀ ਜੀਵ ਹਾਂ ਜੋ ਮਰਜੀ ਕਹਿ ਲਈਏ। ਸਿੱਖ ਕਹਿੰਦੇ ਹਨ ਕਿ ਸਿੱਖ ਮੱਤ ਵਰਗਾ ਕੋਈ ਮੱਤ ਨਹੀਂ ਹੈ, ਹਿੰਦੂ ਕਹਿੰਦੇ ਹਨ ਹਿੰਦੂ ਮੱਤ ਵਰਗਾ ਕੋਈ ਮੱਤ ਨਹੀਂ ਹੈ। ਮੁਸਲਮਾਨ ਅਤੇ ਈਸਾਈ ਵੀ ਇੰਝ ਹੀ ਕਹਿੰਦੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਇਹ ਸਾਰੇ ਬ੍ਰਹਮ ਗਿਆਨੀ ਦੀ ਲਿਸਟ ਵਿੱਚੋਂ ਨਿਕਲ ਗਏ ਕਿਉਂਕਿ ਅਗਰ ਆਪਾਂ ਗੁਰਬਾਣੀ ਅਨੁਸਾਰ ਸੋਚੀਏ ਤਾਂ ਉਸ ਵਿੱਚ ਦਰਜ ਹੈ ਕਿ ਜੀਵ ਨੂੰ ਭਿੰਨ ਭੇਦ ਨਹੀਂ ਰੱਖਣਾ ਚਾਹੀਦਾ ਕਿ ਇਹ ਹਿੰਦੂ ਹੈ, ਸਿੱਖ ਹੈ, ਮੁਸਲਮਾਨ ਹੈ ਜਾਂ ਈਸਾਈ ਹੈ ਜਾਂ ਜੈਨੀ ਜਾਂ ਬੋਧੀ ਹੈ। ਗੁਰਬਾਣੀ ਵਿੱਚ ਸਪੱਸ਼ਟ ਦਰਜ ਹੈ ਕਿ

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥ (ਅੰਗ 1299)*

ਜੋ ਜੀਵ ਇਸ ਤਰ੍ਹਾਂ ਦੀ ਰਹਿਣੀ ਰਖਦੇ ਹਨ ਉਹ ਬ੍ਰਹਮ ਗਿਆਨੀ ਹਨ। ਜੋ ਜੀਵ ਜਾਤਾਂ ਪਾਤਾਂ ਵਿੱਚ, ਉਚ-ਨੀਚ ਜਾਂ ਚੰਗੇ ਮਾੜੇ ਵਿੱਚ ਫਸੇ ਹੋਏ ਹਨ ਉਹ ਬ੍ਰਹਮ ਗਿਆਨੀ ਨਹੀਂ ਹਨ। ਸੋਈ ਬ੍ਰਹਮ ਗਿਆਨੀ ਦੀ ਅਵੱਸਥਾ ਬਹੁਤ ਹੀ ਉੱਚੀ ਅਤੇ ਸੁੱਚੀ ਹੈ। ਜੋ ਜੀਵ ਮੇਰ-ਤੇਰ ਛੱਡ ਕੇ ਸਭ ਜੀਵ ਜੰਤੂਆਂ ਵਿੱਚ ਮਾਲਿਕ ਦਾ ਵਾਸਾ ਸਮਝ ਕੇ ਸਭ ਕੁਝ ਕਰਦੇ ਹਨ ਉਹ ਸੱਚੇ ਬ੍ਰਹਮ ਗਿਆਨੀ ਹਨ।

# ਸਤਿਸੰਗ

**ਰਾਗੁ ਧਨਾਸਰੀ ਮਹਲਾ ੩ ਘਰੁ ੪**
**ੴ ਸਤਿਗੁਰ ਪ੍ਰਸਾਦਿ ॥** (ਅੰਗ 666)
**ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਅਸੀਂ ਇੱਕ ਭਿਖਾਰੀ ਦੇ ਰੂਪ ਵਿੱਚ ਤੁਹਾਡੇ ਚਰਨਾਂ ਵਿੱਚ ਆਏ ਹਾਂ। ਅਸੀਂ ਬੇਨਤੀ, ਜੋਦੜੀ, ਅਰਦਾਸ ਕਰਦੇ ਹਾਂ ਕਿ ਤੁਸੀਂ ਸਾਡੀ ਪੱਤ ਰਖਿਉ ਸਾਡੀ ਅਰਦਾਸ ਕਬੂਲ ਕਰਿਉ। ਇਸੇ ਤਰ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਹੋਰ ਵੀ ਬਹੁਤ ਸਾਰੇ ਸਲੋਕ ਦਰਜ ਹਨ ਜਿਸ ਤਰ੍ਹਾਂ

*ਹਉ ਆਇਆ ਦੂਰਹੁ ਚਲਿ ਕੈ*
*ਮੈ ਤਕੀ ਤਉ ਸਰਣਾਇ ਜੀਉ ॥*
*ਮੈ ਆਸਾ ਰਖੀ ਚਿਤਿ ਮਹਿ*
*ਮੇਰਾ ਸਭੋ ਦੁਖੁ ਗਵਾਇ ਜੀਉ ॥ (ਅੰਗ 763)*

ਇੱਥੇ ਹਜ਼ੂਰ ਤੀਸਰੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਆਪਣੇ ਆਪ ਨੂੰ ਇੱਕ ਮੰਗਤਾ ਬਣਾ ਕੇ ਗੁਰੂ ਘਰ ਆਉ। ਕਿਉਂਕਿ ਅਗਰ ਤੁਸੀਂ ਵੈਸੇ ਕੋਈ ਚੀਜ ਲੈਣ ਜਾਉਗੇ ਤਾਂ ਉਸ ਦਾ ਤੁਹਾਨੂੰ ਇਵਜਾਨਾ ਦੇਣਾ ਪਵੇਗਾ। ਕਈ ਵਾਰ ਕੋਈ ਚੀਜ਼ ਮਹਿੰਗੀ ਹੁੰਦੀ ਹੈ ਉਸ ਦਾ ਤੁਹਾਡੇ ਕੋਲੋਂ ਮੁੱਲ ਨਹੀਂ ਤਾਰਿਆ ਜਾਣਾ। ਇਸ ਕਰਕੇ ਤੁਸੀਂ ਇੱਕ ਦਾਤੇ ਕੋਲ ਜਾ ਕੇ ਭਿਖਾਰੀ ਦੇ ਰੂਪ ਵਿੱਚ ਮੰਗਦੇ ਹੋ ਤਦ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਤੁਸੀਂ ਸਾਰਿਆਂ ਦੀ ਲਾਜ ਰੱਖਦੇ ਹੋ ਮੇਰੀ ਵੀ ਪੱਤ ਰੱਖੋ।

**ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ**
**ਸਦਾ ਰਹਉ ਰੰਗਿ ਰਾਤਾ ॥੧॥**

ਹਜ਼ੂਰ! ਤੁਸੀਂ ਦਇਆ ਕਰਕੇ ਮੇਰੇ ਉੱਪਰ ਪਹਿਲੀ ਬਖ਼ਸ਼ਿਸ਼ ਇਹ ਕਰੋ ਕਿ ਮੈਨੂੰ ਨਾਮ ਦੀ ਦਾਤ ਬਖਸ਼ੋ ਅਤੇ ਮੈਨੂੰ ਆਪਣੇ

ਰੰਗ ਵਿੱਚ ਰੰਗ ਲਵੋ। ਕਿਉਂਕਿ ਜਦੋਂ ਤੱਕ ਜੀਵ ਗੁਰਬਾਣੀ ਵਿੱਚ ਰੰਗਿਆ ਨਹੀਂ ਜਾਂਦਾ ਉਦੋਂ ਤੱਕ ਉਹ ਕਦੇ ਕਹਿੰਦਾ ਹੈ ਕਿ ਮੈਂ ਗੁਰਬਾਣੀ ਸੁਣਨ ਜਾਵਾਂ, ਕਦੇ ਕਹਿੰਦਾ ਹੈ ਕਿ ਜਿਹੜੇ ਨਹੀਂ ਜਾਂਦੇ ਉਹਨਾਂ ਨੂੰ ਕੀ ਫਰਕ ਪੈ ਗਿਆ ਹੈ। ਜਾਂ ਪਿਛਲੇ ਐਤਵਾਰ ਗਏ ਸੀ ਹੁਣ ਕੀ ਫਰਕ ਪੈ ਗਿਆ ਹੈ। ਪਰ ਐਸਾ ਨਾ ਹੋਵੇ ਕਿ ਅਸੀ ਆਲਸੀ ਬਣ ਜਾਈਏ। ਇਸ ਕਰਕੇ ਤੁਸੀਂ ਮੇਰੇ ਉੱਪਰ ਬਖਸ਼ਿਸ਼ ਅਤੇ ਦਇਆ ਕਰੋ ਤਾਂ ਕਿ ਮੈਂ ਸਦਾ ਲਈ ਤੁਹਾਡੇ ਰੰਗ ਵਿੱਚ ਰੰਗਿਆ ਜਾਵਾਂ।

**ਹੰਉ ਬਲਿਹਾਰੈ ਜਾਉ ਸਾਚੇ ਮੇਰੇ ਨਾਮ ਵਿਟਹੁ ॥**

ਸੱਚੇ ਪਾਤਿਸ਼ਾਹੋ! ਮੈਂ ਤੁਹਾਡੇ ਨਾਮ ਤੋਂ ਬਲਿਹਾਰ ਜਾਂਦਾ ਹਾਂ। ਉਹ ਅੱਲਾਹ, ਰਾਮ, ਗਾਡ ਐਸੀ ਸ਼ਕਤੀ ਹੈ ਜੋ ਦਿਸਦੀ ਨਹੀਂ ਹੈ ਅਤੇ ਨਾ ਹੀ ਉਸ ਦਾ ਕਿਸੇ ਨੇ ਸੁਆਦ ਦੇਖਿਆ ਹੈ। ਜਿਹਨਾਂ ਨੇ ਸੁਆਦ ਦੇਖਿਆ ਹੈ ਉਹਨਾਂ ਨੇ ਦੱਸਿਆ ਨਹੀਂ ਹੈ ਕਿਉਂਕਿ

*ਜਿਨੀ ਪਾਇਆ ਤਿਨਹੀ ਛੁਪਾਇਆ।*

ਇਸ ਕਰਕੇ ਵਿਸ਼ਵਾਸ ਬਹੁਤ ਘੱਟ ਆਉਂਦਾ ਹੈ। ਜੋ ਸਿਮਰਨ ਕਰਦੇ ਹਨ ਉਹਨਾਂ ਨੂੰ ਦਰਸ਼ਨ ਜ਼ਰੂਰ ਹੁੰਦੇ ਹਨ। ਜੋ ਜੀਵ ਦਰਸ਼ਨ ਕਰ ਲੈਂਦੇ ਹਨ ਉਹਨਾਂ ਦੀ ਸਾਰੀ ਭੁੱਖ ਮਿਟ ਜਾਂਦੀ ਹੈ। ਹਜ਼ੂਰ ਮੇਰੇ ਉੱਪਰ ਬਖਸ਼ਿਸ਼ ਕਰੋ ਦਇਆ ਕਰੋ। ਤੁਸੀਂ ਸਭ ਕੁਝ ਦੇਵਣਹਾਰ ਹੋ। ਇਸ ਕਰਕੇ ਮੇਰੀ ਗਰੀਬ ਅਤੇ ਨਿਮਾਣੇ ਦੀ ਬੇਨਤੀ ਸੁਣੋ।

**ਕਰਣਕਾਰਣੁ ਸਭਨਾ ਕਾ ਏਕੋ**
**ਅਵਰੁ ਨ ਦੂਜਾ ਕੋਈ ॥੧॥ ਰਹਾਉ ॥**

ਹਜ਼ੂਰ ਇੱਕ ਜੀਵ ਪੈਦਲ ਤੁਰ ਰਿਹਾ ਹੈ ਪਰ ਇੱਕ ਜੀਵ ਦਾ ਸਰੀਰ ਠੀਕ ਨਹੀਂ ਹੈ ਉਸ ਦੀ ਲੱਤ ਵਿੱਚ ਨੁਕਸ ਹੈ। ਇੱਕ ਪਾਸ ਸਾਈਕਲ ਹੈ।

*ਇਕਨ੍ਹੀ ਦੁਧੁ ਸਮਾਈਐ ਇਕਿ ਚੁਲੈ ਰਹਨ੍ਹਿ ਚੜੇ ॥*
*(ਅੰਗ 475)*

ਕਿਸੇ ਨੂੰ ਦੁੱਧ ਦੀ ਬੂੰਦ ਵੀ ਨਹੀਂ ਮਿਲਦੀ ਪਰ ਕਿਸੇ ਪਾਸ ਐਨਾ ਦੁੱਧ ਹੈ ਕਿ ਉਸ ਕੋਲੋਂ ਸੰਭਾਲਿਆ ਵੀ ਨਹੀਂ ਜਾ ਰਿਹਾ। ਇਕ ਪਾਸ ਸਾਈਕਲ ਹੈ, ਇੱਕ ਕੋਲ ਸਕੂਟਰ ਹੈ। ਪਹਿਲੇ ਸਮੇਂ ਵਿੱਚ ਮੋਟਰਸਾਈਕਲ ਬਹੁਤ ਵੱਡੀ ਗੱਲ ਸੀ।

ਸਾਡਾ ਬੇਟਾ ਸਾਡੇ ਹਜ਼ੂਰ ਕੋਲ ਜਾ ਕੇ ਕਹਿਣ ਲੱਗਾ ਕਿ ਹਜ਼ੂਰ! ਪਰਿਵਾਰ ਵੱਡਾ ਹੈ, ਮੋਟਰਸਾਈਕਲ ਉੱਪਰ ਬੈਠਿਆ ਨਹੀਂ ਜਾਂਦਾ। ਜਦੋਂ ਮੀਂਹ ਆਉਂਦਾ ਹੈ ਅਸੀਂ ਭਿੱਜ ਜਾਂਦੇ ਹਾਂ। ਸੱਚੇ ਪਾਤਿਸ਼ਾਹੋ! ਤੁਹਾਡੇ ਘਰ ਵਿੱਚ ਕਿਹੜੀ ਕਾਰਾਂ ਦੀ ਕਮੀ ਹੈ ਸਾਨੂੰ ਇੱਕ ਕਾਰ ਹੀ ਬਖਸ਼ ਦਿਉ। ਹਜ਼ੂਰ ਕਹਿਣ ਲੱਗੇ ਇੱਕ ਕਾਰ? ਪੁੱਤਰ ਜਿੰਨੀਆਂ ਕਾਰਾਂ ਕਹੇਂ। ਉਦੋਂ ਸਾਡਾ ਬੇਟਾ ਚਾਰ ਪੰਜ ਸਾਲ ਦਾ ਸੀ। ਸਹਿਜੇ-ਸਹਿਜੇ, ਖਿਸਕਦਾ-ਖਿਸਕਦਾ ਹਜ਼ੂਰ ਕੋਲ ਚਲਾ ਗਿਆ। ਅਤੇ ਸਾਨੂੰ ਨਹੀਂ ਦੱਸਿਆ ਕਿ ਮੈਂ ਕੀ ਮੰਗਣ ਚੱਲਿਆ ਹਾਂ। ਅਸੀਂ ਕਿਹਾ ਤੂੰ ਕਿਉਂ ਗਿਆ ਸੀ। ਉਹ ਕਹਿਣ ਲੱਗਾ ਮੈਨੂੰ ਪਤਾ ਹੈ ਕਿ ਹਜ਼ੂਰ ਤੁਹਾਡੀ ਬੇਨਤੀ ਚਾਹੇ ਨਾ ਸੁਣਨ ਮੇਰੀ ਬੇਨਤੀ ਜ਼ਰੂਰ ਸੁਣਨਗੇ। ਸੋਈ ਜਿਸ ਬੱਚੇ ਨੂੰ ਵਿਸ਼ਵਾਸ ਹੋਵੇ ਕਿ ਮੇਰੇ ਮਾਤਾ ਪਿਤਾ ਮੇਰੀ ਬੇਨਤੀ ਸੁਣਦੇ ਹਨ ਉਹ ਬੱਚਾ ਦੌੜ ਕੇ ਜਾ ਕੇ ਬੇਨਤੀ ਕਰਦਾ ਹੈ। ਸਾਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਹਜ਼ੂਰ! ਤੁਸੀਂ ਕਰਨ ਕਰਾਵਣਹਾਰ ਹੋ। ਤੁਸੀਂ ਸਭ ਕੁਝ ਦੇ ਸਕਦੇ ਹੋ। ਇਸ ਕਰਕੇ ਸਾਡੇ ਉੱਪਰ ਵੀ ਕਿਰਪਾ ਅਤੇ ਦਇਆ ਕਰੋ।

**ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥**

ਕਿਰਪਨ ਤੋਂ ਭਾਵ ਹੈ ਜੋ ਕੋਈ ਚੀਜ ਨਾ ਹੋਣ ਤੇ ਕਿਰਪਾ ਦਾ ਪਾਤਰ ਬਣ ਕੇ ਬੇਨਤੀ ਕਰਦਾ ਹੈ। ਸੱਚੇ ਪਾਤਿਸ਼ਾਹੋ! ਮੈਂ ਬਹੁਤ ਚਿਰਾਂ ਤੋਂ ਬੇਨਤੀਆਂ ਕਰ ਰਿਹਾ ਹਾਂ, ਮੰਗਤਾ ਬਣਿਆ ਹਾਂ ਬਹੁਤ ਵਾਰੀ ਆ ਕੇ ਥੱਕ ਗਿਆ ਹਾਂ। ਹੁਣ ਮੇਰੇ ਉੱਪਰ ਕਿਰਪਾ ਕਰਕੇ ਜੋ ਮੈਂ ਬੇਨਤੀ ਕਰ ਰਿਹਾਂ ਹਾਂ ਮੈਨੂੰ ਉਹ ਦਾਤਾਂ ਬਖਸ਼ ਦਿਉ।

**ਹੋਹੁ ਦਇਆਲ ਦਰਸਨੁ ਦੇਹੁ ਅਪੁਨਾ**
**ਐਸੀ ਬਖਸ ਕਰੀਜੈ ॥੨॥**

ਮੇਰੇ ਉੱਪਰ ਪਹਿਲੀ ਕਿਰਪਾ ਇਹ ਕਰੋ ਕਿ ਮੈਨੂੰ ਆਪਣੇ ਦਰਸ਼ਨ ਬਖਸ਼ੋ। ਫਰਜ਼ ਕਰੋ ਅਗਰ ਤੁਸੀਂ ਕਿਸੇ ਮਨਿਸਟਰ, ਪ੍ਰਾਈਮ ਮਨਿਸਟਰ, ਹਾਕਮ ਜਾਂ ਅਫ਼ਸਰ ਕੋਲ ਜਾਂਦੇ ਹੋ। ਤਾਂ ਕੰਮ ਦੀ ਗੱਲ ਤਾਂ ਬਾਦ ਵਿੱਚ ਹੈ ਪਹਿਲਾਂ ਉਸ ਨੂੰ ਮਿਲਣ ਦਾ ਸਮਾਂ ਤਾਂ ਮਿਲ ਜਾਵੇ। ਐਸਾ ਨਾ ਹੋਵੇ ਕਿ ਕੋਈ ਬਾਹਰੋਂ ਹੀ ਮੋੜ ਦੇਵੇ। ਹੋ ਸਕਦਾ ਹੈ ਉਹ ਦਾਤਾ ਤੁਹਾਨੂੰ ਕੁਝ ਦੇ ਸਕਦਾ ਹੋਵੇ। ਉਹ ਦਿੰਦਾ ਵੀ ਹੈ ਕਿਉਂਕਿ ਕੋਈ ਵੀ ਦਾਤਾ ਐਸਾ ਨਹੀਂ ਹੁੰਦਾ ਜੋ ਦੇ ਨਹੀਂ ਸਕਦਾ। ਪਰ ਅਗਰ ਉਸ ਕੋਲ ਕੋਈ ਜੀਵ ਪਹੁੰਚੇਗਾ ਤਦ ਹੀ ਲਵੇਗਾ। ਇਸ ਕਰਕੇ ਹਜ਼ੂਰ ਮੈਨੂੰ ਸਭ ਤੋਂ ਪਹਿਲਾਂ ਆਪਣੇ ਦਰਸ਼ਨ ਅਤੇ ਮਿਲਾਪ ਬਖਸ਼ੋ।

**ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥**

ਜਦੋਂ ਜੀਵ ਭਰਮਾਂ ਵਿੱਚ ਪਿਆ ਹੁੰਦਾ ਹੈ ਹਜ਼ੂਰ ਉਦੋਂ ਬੇਨਤੀ ਨਹੀਂ ਸੁਣਦੇ, ਕ੍ਰਿਪਾ ਨਹੀਂ ਕਰਦੇ। ਹਜ਼ੂਰ ਤੁਸੀਂ ਹੀ ਸਾਰਿਆਂ ਦੇ ਭਰਮ ਦੂਰ ਕਰਦੇ ਹੋ। ਹਜ਼ੂਰ ਜਦੋਂ ਮੇਰੇ ਉੱਪਰ ਬਖਸ਼ਿਸ਼ ਹੋਵੇਗੀ ਸਭ ਨੂੰ ਪਤਾ ਚੱਲ ਜਾਵੇਗਾ ਕਿਉਂਕਿ

*ਗੁਝੀ ਛੰਨੀ ਨਾਹੀ ਬਾਤ ॥*
*ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥ (ਅੰਗ 396)*

ਜਦੋਂ ਮਾਲਿਕ ਖੁਸ਼ ਹੋ ਕੇ ਬਖਸ਼ਿਸ਼ ਕਰਕੇ ਦਾਤ ਬਖਸ਼ਦੇ ਹਨ ਤਦ ਸਾਰੀ ਦੁਨੀਆਂ ਨੂੰ ਪਤਾ ਚੱਲ ਜਾਂਦਾ ਹੈ ਕਿ ਸੱਚਮੁੱਚ ਹੀ ਇਸ ਜੀਵ ਨੇ ਮਾਲਿਕ ਕੋਲ ਬੇਨਤੀ ਕੀਤੀ ਸੀ। ਇਸ ਦੀ ਬੇਨਤੀ ਪ੍ਰਵਾਨ ਹੋ ਗਈ ਹੈ। ਸੋਈ ਸੱਚੇ ਪਾਤਿਸ਼ਾਹੋ! ਸਾਡੇ ਵੀ ਅਤੇ ਲੋਕਾਂ ਦੇ ਵੀ ਭਰਮ ਤੋੜੋ ਅਤੇ ਦਾਤ ਬਖਸ਼ੋ।

**ਸਾਚੀ ਲਿਵ ਲਾਗੀ ਹੈ ਭੀਤਰਿ**
**ਸਤਿਗੁਰ ਸਿਉ ਮਨੁ ਮਾਨਿਆ ॥੩॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਤੱਕ ਜੀਵ ਦੇ ਅੰਦਰ ਸੱਚੀ ਪ੍ਰੀਤ ਨਹੀਂ ਲੱਗਦੀ ਉਦੋਂ ਤੱਕ ਸਤਿਗੁਰ ਵੀ

ਕ੍ਰਿਪਾ ਨਹੀਂ ਕਰਦੇ। ਹਜ਼ੂਰ ਮੇਰੀ ਐਸੀ ਪ੍ਰੀਤ ਬਣਾਉ ਕਿ ਮੇਰੇ ਮਨ ਨੂੰ ਵਿਸ਼ਵਾਸ ਹੋ ਜਾਵੇ ਕਿ ਹਜ਼ੂਰ ਨੇ ਮੇਰੀ ਬੇਨਤੀ ਸੁਣੀ ਹੈ ਅਤੇ ਅਗਾਂਹ ਵੀ ਸੁਣਦੇ ਰਹਿਣਗੇ। ਜੀਵ ਨੂੰ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਹਜ਼ੂਰ ਸਦਾ ਹੀ ਖੁਸ਼ੀਆਂ ਬਖਸ਼ਦੇ ਰਹਿਣ। ਸੋਈ

*ਜਿਨੀ ਮਨ ਭਾਉ ਤਿਨੀ ਮਨ ਚਾਉ।*

ਜਿਸ ਤਰ੍ਹਾਂ ਦਾ ਭਾਵ ਹੁੰਦਾ ਹੈ ਉਸੇ ਤਰ੍ਹਾਂ ਦੀਆਂ ਖੁਸ਼ੀਆਂ ਅਤੇ ਖੇੜੇ ਹਜ਼ੂਰ ਬਖਸ਼ਦੇ ਹਨ। ਕਦੇ ਵੀ ਬੇ ਭਾਵ ਨਹੀਂ ਹੋਣਾ ਚਾਹੀਦਾ ਅਤੇ ਕਦੇ ਵੀ ਇਹ ਨਹੀਂ ਸੋਚਣਾ ਚਾਹੀਦਾ ਹੈ ਕਿ ਹਜ਼ੂਰ ਨੇ ਮੇਰੀਆਂ ਐਨੀਆਂ ਬੇਨਤੀਆਂ ਸਾਇਦ ਸੁਣੀਆਂ ਹੀ ਨਹੀਂ ਹਨ। ਦੇਰ ਸਵੇਰ ਤਾਂ ਹੋ ਹੀ ਜਾਂਦੀ ਹੈ। ਜਦੋਂ ਹਜ਼ੂਰ ਕੋਲ ਬੇਨਤੀ ਕੀਤੀ ਫੇਰ ਕਾਫੀ ਚਿਰਾਂ ਬਾਦ ਹੀ ਕਾਰ ਮਿਲੀ। ਇਹ ਨਾ ਸੋਚੋ ਕਿ ਅੱਜ ਬੇਨਤੀ ਕੀਤੀ ਹੈ ਅਤੇ ਸਵੇਰੇ ਹੀ ਸਾਡੇ ਘਰ ਗੱਡੀ ਜਾਂ ਜਹਾਜ਼ ਆ ਕੇ ਖਲੋ ਜਾਵੇ। ਮਾਲਿਕ ਜਦੋਂ ਦੇਖਦੇ ਹਨ ਕਿ ਬੱਚਾ ਇਸ ਲਾਇਕ ਹੋ ਗਿਆ ਹੈ ਉਦੋਂ ਬਖਸ਼ਿਸ਼ ਕਰ ਦਿੰਦੇ ਹਨ। ਇਸ ਕਰਕੇ ਤੁਸੀਂ ਜਿੰਨਾ ਜ਼ਿਆਦਾ ਭਾਵ ਰੱਖੋਗੇ ਹਜ਼ੂਰ ਉਨੀਆਂ ਜ਼ਿਆਦਾ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

# ਸਤਿਸੰਗ

**ਰਾਮਕਲੀ ਮਹਲਾ ੫ ਰੁਤੀ ਸਲੋਕੁ** (ਅੰਗ 928)

**॥ ਸਲੋਕ ॥**

**ਸਰਧਾ ਲਾਗੀ ਸੰਗਿ ਪ੍ਰੀਤਮੈ**
**ਇਕੁ ਤਿਲੁ ਰਹਣੁ ਨ ਜਾਇ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ, ਸ਼ਹੀਦਾਂ ਦੇ ਸਿਰਤਾਜ ਭੇਦ ਬਖਸ਼ ਰਹੇ ਹਨ ਕਿ ਜੀਵ ਦੀ ਗੁਰਬਾਣੀ ਪ੍ਰਤੀ ਅਟੁੱਟ ਸ਼ਰਧਾ ਹੋਣੀ ਚਾਹੀਦੀ ਹੈ, ਭਰੋਸਾ, ਵਿਸ਼ਵਾਸ, ਲਗਨ ਹੋਣੀ ਚਾਹੀਦੀ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਭੇਦ ਬਖਸ਼ ਰਹੇ ਹਨ ਕਿ ਸ਼ਰਧਾ ਤੋਂ ਕੀ ਭਾਵ ਅਤੇ ਮੁਰਾਦ ਹੈ? ਐਸਾ ਨਾ ਹੋਵੇ ਕਿ ਜੀਵ ਦੇ ਮਨ ਵਿੱਚ ਆਵੇ ਕਿ ਅੱਜ ਪਾਠ ਜਾਂ ਸਿਮਰਨ ਨਹੀਂ ਕਰਦੇ ਫੇਰ ਕੀ ਫਰਕ ਪੈ ਜਾਵੇਗਾ। ਸ਼ਰਧਾ ਤੋਂ ਭਾਵ ਹੈ ਕਿ ਜੀਵ ਦਾ ਮਨ ਇੱਕ ਸਕਿੰਟ ਵੀ ਮਾਲਿਕ ਦੀ ਬਾਣੀ ਤੋਂ ਨਾ ਵਿਸਰੇ। ਜਿਸ ਤਰ੍ਹਾਂ ਮੱਛੀ ਪਾਣੀ ਲਈ ਤੜਪਦੀ ਹੈ ਇਸ ਤਰ੍ਹਾਂ ਗੁਰਬਾਣੀ ਲਈ ਤੜਪ ਹੋਣੀ ਚਾਹੀਦੀ ਹੈ। ਅਤੇ ਉਹ ਸ਼ਰਧਾ ਗੁਰਬਾਣੀ ਨਾਲ ਪੂਰੀ ਹੋਵੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੈਨੂੰ ਉਸ ਮਾਲਿਕ ਪ੍ਰੀਤਮ ਨਾਲ ਐਸਾ ਪਿਆਰ ਅਤੇ ਸ਼ਰਧਾ ਜਾਗੀ ਹੈ ਕਿ ਹੁਣ ਮੇਰੇ ਕੋਲੋਂ ਇੱਕ ਸਕਿੰਟ ਵੀ ਮਿਲਾਪ ਤੋਂ ਬਗੈਰ ਬਚਿਆ ਨਹੀਂ ਜਾਂਦਾ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਲਹੌਰ ਤੋਂ ਆਪਣੇ ਸਤਿਗੁਰ ਨੂੰ ਚਿੱਠੀਆਂ ਲਿਖੀਆਂ ਸਨ ਕਿ ਸਤਿਗੁਰੂ

*ਇਕ ਘੜੀ ਨ ਮਿਲਤੇ*
*ਤਾ ਕਲਿਜੁਗੁ ਹੋਤਾ ॥*
*ਹੁਣਿ ਕਦਿ ਮਿਲੀਐ*
*ਪ੍ਰਿਅ ਤੁਧੁ ਭਗਵੰਤਾ ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ ॥੧ ॥ (ਅੰਗ 96-97)*

ਸੋਈ ਸ਼ਰਧਾ ਤੋਂ ਭਾਵ ਹੈ ਕਿ ਜੀਵ ਗੁਰਬਾਣੀ ਸੁਣਨ ਤੋਂ ਬਗੈਰ ਇੱਕ ਸਕਿੰਟ ਵੀ ਨਾ ਬਚੇ।

**ਮਨ ਤਨ ਅੰਤਰਿ ਰਵਿ ਰਹੇ**
**ਨਾਨਕ ਸਹਜਿ ਸੁਭਾਇ ॥੧ ॥**

ਜਦੋਂ ਤੁਸੀਂ ਲਗਾਤਾਰ ਸਿਮਰਨ ਕਰਦੇ ਰਹੋਗੇ ਅਤੇ ਤੁਹਾਡੇ ਉੱਪਰ ਐਸੀ ਬਖਸ਼ਿਸ਼ ਹੋ ਜਾਵੇਗੀ ਫੇਰ ਜਦੋਂ ਕਈ ਵਾਰ ਤੁਸੀਂ ਮਲ-ਮੂਤਰ ਤਿਆਗਣ ਜਾਂ ਨਹਾਉਣ ਜਾਂਦੇ ਹੋ ਖਾਣਾ ਖਾਣ ਜਾਂਦੇ ਹੋ, ਕਿਸੇ ਨਾਲ ਗੱਲ ਕਰਦੇ ਹੋ ਜਾਂ ਸਫ਼ਰ ਕਰ ਰਹੇ ਹੋ ਤਦ ਅੰਦਰੋਂ ਆਪਣੇ ਆਪ ਗੁਰਬਾਣੀ ਦਾ ਸਿਮਰਨ ਚਾਲੂ ਹੋ ਜਾਂਦਾ ਹੈ। ਤੁਸੀਂ ਨਾ ਵੀ ਸਿਮਰਨ ਕਰਨਾ ਚਾਹੋ ਤੁਹਾਨੂੰ ਦੋ ਚਾਰ ਮਿੰਟ ਬਾਦ ਪਤਾ ਚਲੇਗਾ ਕਿ ਤੁਹਾਡੇ ਅੰਦਰ ਸਿਮਰਨ ਚੱਲ ਰਿਹਾ ਹੈ। ਤੁਸੀਂ ਦੋ ਚਾਰ ਦਿਨ ਸਵੇਰੇ ਸੈਰ ਕਰਦਿਆਂ ਸਿਮਰਨ ਕਰਕੇ ਦੇਖਿਉ ਫੇਰ ਜਦੋਂ ਤੁਸੀਂ ਸਿਮਰਨ ਨਾ ਵੀ ਕਰਨਾ ਚਾਹੋਗੇ ਪਰ ਜਦੋਂ ਤੁਸੀਂ ਉਸ ਜਗ੍ਹਾ ਪਹੁੰਚੋਗੇ ਤਦ ਉਸ ਜਗ੍ਹਾ ਤੇ ਜਾ ਕੇ ਤੁਹਾਡਾ ਸਿਮਰਨ ਆਪਣੇ ਆਪ ਚਾਲੂ ਹੋ ਜਾਵੇਗਾ। ਉਸ ਦਾ ਕਾਰਨ ਇਹ ਹੁੰਦਾ ਹੈ ਕਿ ਤੁਹਾਡੇ ਮਨ ਅਤੇ ਤਨ ਵਿੱਚ ਸਿਮਰਨ ਰਚ ਚੁੱਕਾ ਹੁੰਦਾ ਹੈ। ਬਸ ਥੋੜ੍ਹੀ ਜਿਹੀ ਹਰਕਤ ਆਉਣ ਦੀ ਲੋੜ ਹੁੰਦੀ ਹੈ ਅਤੇ ਸਿਮਰਨ ਚਾਲੂ ਹੋ ਜਾਂਦਾ ਹੈ। ਸੋਈ ਜਦੋਂ ਤੁਹਾਡੇ ਅੰਦਰ ਐਨਾ ਭਾਵ ਭਰੋਸਾ ਅਤੇ ਸਿਮਰਨ ਆ ਜਾਂਦਾ ਹੈ

*ਮੇਰਾ ਰਾਮ ਮੁਝੈ ਭਜੈ ਤੌ ਪਾਉ ਬਿਸਰਾਮ।*

ਫੇਰ ਰੱਬ, ਵਾਹਿਗੁਰੂ, ਅੱਲਾਹ, ਗਾਡ, ਰਾਮ ਜੀਵ ਦਾ ਸਿਮਰਨ ਆਪ ਹੀ ਚਾਲੂ ਕਰਵਾ ਦਿੰਦੇ ਹਨ।

**ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥**

ਹਜ਼ੂਰ! ਤੁਸੀਂ ਮੇਰੇ ਜਨਮਾਂਤਰਾਂ ਦੇ ਮਿੱਤਰ ਹੋ। ਤੁਸੀਂ ਮੇਰੇ ਉੱਪਰ ਕਿਰਪਾ ਕਰਕੇ ਲੰਮੀ ਬਾਂਹ ਕਰਕੇ ਮੈਨੂੰ ਖਿੱਚ ਕੇ ਆਪਣੇ ਚਰਨਾਂ ਦਾ ਸਹਾਰਾ ਬਖਸ਼ਿਆ ਹੈ।

**ਚਰਨਹ ਦਾਸੀ ਕਰਿ ਲਈ**
**ਨਾਨਕ ਪ੍ਰਭ ਹਿਤ ਚੀਤ ॥੨ ॥**

ਹਜ਼ੂਰ ਤੁਸੀਂ ਚਰਨਾਂ ਦੀ ਦਾਸੀ ਭਾਵ ਆਪਣੀ ਸੰਗਤ ਬਖਸ਼ ਕੇ ਆਪਣੇ ਲੜ ਲਾ ਲਿਆ ਹੈ। ਮੈਂ ਖੁਦ ਤੁਹਾਡੇ ਚਰਨਾਂ ਵਿੱਚ ਨਹੀਂ ਆ ਸਕਦਾ ਸੀ। ਤੁਸੀਂ ਆਪ ਬਾਂਹ ਲੰਮੀ ਕਰਕੇ

ਬਖਸ਼ਿਸ਼ ਕੀਤੀ ਹੈ।

*ਬਾਹ ਪਕਰਿ ਕਢਿ ਲੀਨੇ ਅਪੁਨੇ*

*ਗ੍ਰਿਹ ਅੰਧ ਕੂਪ ਤੇ ਮਾਇਆ। (ਅੰਗ 1218)*

ਜਿਸ ਤਰ੍ਹਾਂ ਕੋਈ ਖੂਹ ਵਿੱਚ ਡਿੱਗੇ ਨੂੰ ਬਾਹੋਂ ਫੜ ਕੇ ਬਾਹਰ ਕੱਢਦਾ ਹੈ ਇਸ ਤਰ੍ਹਾਂ ਤੁਸੀਂ ਮੈਨੂੰ ਆਪਣੇ ਚਰਨਾਂ ਦਾ ਆਸਰਾ ਬਖਸ਼ਿਆ ਹੈ। ਹਜ਼ੂਰ ਤੁਹਾਡੀ ਬਹੁਤ ਮਿਹਰਬਾਨੀ, ਬਹੁਤ ਧੰਨਵਾਦ ਅਤੇ ਬਹੁਤ ਸ਼ੁਕਰਾਨਾ ਹੈ। ਜੀਵ ਨੂੰ ਇਸ ਤਰ੍ਹਾਂ ਸ਼ਰਧਾ ਨਾਲ ਮਾਲਿਕ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜਿਹੜਾ ਜੀਵ ਇਸ ਤਰ੍ਹਾਂ ਮਾਲਿਕ ਦਾ ਧੰਨਵਾਦ ਕਰਦਾ ਹੈ ਮਾਲਿਕ ਉੱਥੇ ਆਪਣੇ ਆਪ ਬਖਸ਼ਿਸ਼ ਕਰਦੇ ਹਨ। ਕਈ ਵਾਰ ਮਾਲਿਕ ਨੇ ਸਭ ਕੁਝ ਬਖਸ਼ਿਆ ਹੁੰਦਾ ਹੈ ਅਤੇ ਕਿਸੇ ਇੱਕ ਚੀਜ਼ ਵਿੱਚ ਦੇਰੀ ਹੋਣ ਕਾਰਨ ਅਸੀਂ ਮਾਲਿਕ ਨਾਲ ਰੋਸ ਕਰਦੇ ਹਾਂ। ਪ੍ਰੰਤੂ ਸਾਨੂੰ ਐਸਾ ਨਹੀਂ ਕਰਨਾ ਚਾਹੀਦਾ।

*ਰੋਸ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥*

*ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥*

*(ਅੰਗ 931)*

ਕਦੇ ਵੀ ਰੋਸ ਨਹੀਂ ਕਰਨਾ ਚਾਹੀਦਾ। ਹਮੇਸ਼ਾ ਰਹਿਮਤ ਵਾਸਤੇ ਭਿਖਾਰੀ ਬਣ ਕੇ ਦਾਤਾਂ ਮੰਗਣੀਆਂ ਚਾਹੀਦੀਆਂ ਹਨ। ਅਗਰ ਇਸ ਤਰ੍ਹਾਂ ਮੰਗਾਂਗੇ ਤਦ ਹਜ਼ੂਰ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

**॥ ਛੰਤੁ ॥ ਰੁਤਿ ਬਰਸੁ ਸੁਹੇਲੀਆ**

**ਸਾਵਣ ਭਾਦਵੇ ਆਨੰਦ ਜੀਉ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਰੀਆਂ ਰੁੱਤਾਂ ਵਿੱਚੋਂ ਸਾਵਨ ਰੁੱਤ ਬਹੁਤ ਵਧੀਆ ਹੈ। ਇਸ ਮਹੀਨੇ ਵਿੱਚ ਧਰਤੀ ਦੀ ਖੁਸ਼ਕੀ ਦੂਰ ਹੋ ਜਾਂਦੀ ਹੈ। ਸਾਰੇ ਜੀਆ ਜੰਤ ਅਤੇ ਸਾਰੀ ਬਨਸਪਤੀ ਉੱਪਰ ਹਰਿਆਲੀ ਆਉਂਦੀ ਹੈ। ਇਸ ਰੁੱਤ ਨੂੰ ਬਸੰਤ ਰੁੱਤ ਸਮਾਨ ਗਿਣਦੇ ਹਨ। ਬਸੰਤ ਰੁੱਤ ਉਦੋਂ ਆਉਂਦੀ ਹੈ ਜਦੋਂ ਸਰਦੀ ਖਤਮ ਹੁੰਦੀ ਹੈ। ਸਾਵਨ ਦੇ ਮਹੀਨੇ ਨੂੰ ਵੀ ਬਹੁਤ ਵਧੀਆ ਗਿਣਿਆ ਜਾਂਦਾ ਹੈ। ਇਸ ਮਹੀਨੇ ਵਿੱਚ ਪਹਿਲਾਂ ਬੀਬੀਆਂ ਕੋਲ ਬਹਾਨਾ ਹੁੰਦਾ ਸੀ ਕਿ ਤੀਆਂ 'ਤੇ ਮੈਂ ਆਪਣੇ ਪੇਕੇ ਜਾਣਾ ਹੈ। ਪਿੰਡਾਂ ਵਿੱਚ ਨਹਿਰਾਂ, ਸੜਕਾਂ ਅਤੇ ਚਰਾਂਦਾ ਉੱਪਰ ਅਖਾੜੇ ਬਣੇ ਹੁੰਦੇ ਸੀ ਜਿੱਥੇ ਤੀਆਂ ਲੱਗਣੀਆਂ, ਗਿੱਧੇ ਪੈਣੇ। ਅੱਜਕੱਲ ਸਟੇਜਾਂ ਉੱਪਰ ਹੀ ਗਿੱਧੇ ਪੈਂਦੇ ਹਨ ਪਰ ਉਸ ਵਿੱਚ ਬੋਲੀਆਂ ਕੋਈ ਹੋਰ ਪਾ ਰਿਹਾ ਹੁੰਦਾ ਹੈ। ਗਿੱਧਾ ਪਾਉਣ ਵਾਲੀਆਂ ਸਿਰਫ਼ ਮੂੰਹ ਹੀ ਹਿਲਾਉਂਦੀਆਂ ਹਨ। ਉਹਨਾਂ ਨੂੰ ਕੋਈ ਗੀਤ ਨਹੀਂ ਆਉਂਦਾ ਹੁੰਦਾ। ਪਹਿਲਾਂ ਬੀਬੀਆਂ ਕਿੱਕਲੀ ਪਾਉਂਦੀਆਂ ਸਨ, ਨੱਚਦੀਆਂ ਸਨ, ਗੀਤ ਗਾਇਆ ਕਰਦੀਆਂ ਸਨ। ਸਾਵਣ ਦਾ ਮਹੀਨਾ ਹੁੰਦਾ ਸੀ, ਕੁੜੀਆਂ ਖੁਸ਼ੀਆਂ ਮਨਾਉਂਦੀਆਂ ਸਨ ਅਤੇ ਆਪਣੇ ਪੇਕਿਆਂ ਦੀ ਰਾਹ ਵੇਖਿਆ ਕਰਦੀਆਂ ਸਨ ਕਿ ਮੇਰਾ ਵੀਰ ਮੈਨੂੰ ਤੀਆਂ ਵਿੱਚ ਲੈਣ ਨਹੀਂ ਆਇਆ। ਹੁਣ ਨਾਂ ਭਰਾਵਾਂ ਕੋਲ ਵਿਹਲ ਹੈ ਨਾ ਹੀ ਭੈਣਾਂ ਨੂੰ ਚਾਅ ਹੈ। ਹੁਣ ਰਿਸ਼ਤੇਦਾਰੀਆਂ ਵੀ ਬਨਾਉਟੀ ਹੋ ਗਈਆਂ ਹਨ। ਓਪਰੀਆਂ-ਓਪਰੀਆਂ ਰਿਸ਼ਤੇਦਾਰੀਆਂ ਲੱਗਦੀਆਂ ਹਨ। ਪਰ ਪਹਿਲਾਂ ਸਾਵਣ ਦੇ ਮਹੀਨੇ ਦੀ ਬਹੁਤ ਮਹੱਤਤਾ ਹੁੰਦੀ ਸੀ। ਉਦੋਂ ਪੰਡਿਤਾਂ ਨੇ ਇੱਕ ਵਹਿਮ ਪਾ ਰੱਖਿਆ ਸੀ। ਜਿਸ ਬਹਾਨੇ ਸੱਸਾਂ ਆਪਣੀ ਨਵੀਂ ਵਿਆਹੀ ਨੂੰਹ ਨੂੰ ਆਪਣੇ ਕੋਲ ਨਹੀਂ ਰੱਖਦੀਆਂ ਸਨ। ਪੰਡਿਤ ਕਹਿੰਦੇ ਸਨ ਕਿ ਅਗਰ ਸਾਵਣ ਦੇ ਮਹੀਨੇ ਵਿੱਚ ਨੂੰਹ ਸੱਸ ਦੇ ਮੱਥੇ ਲੱਗ ਜਾਵੇ ਤਦ ਸੱਸ ਉੱਪਰ ਬਿਪਤਾ ਪੈ ਜਾਂਦੀ ਹੈ। ਉਹ ਆਪਣੀ ਬਿਪਤਾ ਟਾਲਣ ਲਈ ਕਹਿੰਦੀ ਸੀ ਕਿ ਪੁੱਤਰ ਤੇਰਾ ਭਰਾ ਨਹੀਂ ਆਇਆ। ਹੁਣ ਅਸੀਂ ਤੈਨੂੰ ਛੱਡ ਆਈਏ। ਹਰ ਜੀਵ ਬਿਪਤਾ ਤੋਂ ਡਰਦਾ ਹੈ। ਵੈਸੇ ਤਾਂ ਕੁੜੀਆਂ ਸੱਸਾਂ ਨੂੰ ਬਿਪਤਾ ਸਮਝਦੀਆਂ ਹਨ ਪਰ ਸਾਵਨ ਦੇ ਮਹੀਨੇ ਸੱਸਾਂ ਨੂੰਹ ਨੂੰ ਬਿਪਤਾ ਸਮਝਦੀਆਂ ਹਨ। ਇਸ ਕਰਕੇ ਉਹ ਨੂੰਹ ਨੂੰ ਪਹਿਲਾਂ ਹੀ ਭੇਜ ਦਿੰਦੀਆਂ ਸਨ। ਇਸ ਤਰ੍ਹਾਂ ਸਮਾਜ ਵਿੱਚ ਕਈ ਐਸੀਆਂ ਰੀਤਾਂ ਬਣੀਆ ਹੋਈਆਂ ਸਨ ਕਿ

*ਨਿਆਣੇ ਦਾ ਪੱਜ ਅਤੇ ਆਪਣਾ ਰੱਜ*

ਤੀਆਂ ਦੇ ਬਹਾਨੇ ਕੁੜੀਆਂ ਆਪਣੇ ਪੇਕਿਆਂ ਨੂੰ ਮਿਲ ਆਉਂਦੀਆਂ ਸਨ। ਕੁੜੀਆਂ ਨੂੰ ਸਹੁਰੇ ਘਰ ਚਾਹੇ ਕਿਨਾਂ ਵੀ ਰਾਜ ਭਾਗ ਮਿਲ ਜਾਵੇ ਜੋ ਅਨੰਦ ਉਹਨਾਂ ਨੂੰ ਪੇਕੇ ਜਾ ਕੇ ਆਉਂਦਾ ਹੈ ਜਾਂ ਜੋ ਥਕੇਵਾਂ ਪੇਕੇ ਜਾ ਕੇ ਲੱਥਦਾ ਹੈ ਉਹ ਹੋਰ ਕਿਤੇ ਨਹੀਂ ਲੱਥਦਾ। ਸਹੁਰੇ ਘਰ ਚਾਹੇ ਉਹ ਕਹਿਣ ਕਿ ਮੇਰੇ ਸਿਰ ਪੀੜ ਹੁੰਦੀ ਹੈ ਮੇਰੇ ਢਿੱਡ ਪੀੜ ਹੁੰਦੀ ਹੈ ਉਂਝ ਚਾਹੇ ਹਾਏ, ਹਾਏ ਕਰਦੀ ਰਹੇ ਪਰ ਜੇਕਰ ਉਹ ਪੇਕੇ ਚਲੀ ਜਾਵੇ ਫੇਰ ਉਸ ਦੀਆਂ ਗੱਲਾਂ ਹੀ ਨਹੀਂ ਮੁੱਕਦੀਆਂ। ਉਹ ਸਾਰੀ ਰਾਤ ਗੱਲਾਂ ਕਰਦੀ ਰਹਿੰਦੀ ਹੈ ਅਤੇ ਸਵੇਰੇ ਉੱਠ ਕੇ ਫੇਰ ਠੀਕ-ਠਾਕ ਹੁੰਦੀ ਹੈ। ਅਗਰ ਕਿਤੇ ਸਹੁਰੇ ਘਰ ਇੱਕ ਰਾਤ ਜਾਗਣਾ ਪੈ ਜਾਵੇ ਤਦ ਉਹ ਸਵੇਰੇ ਉੱਠ ਕੇ ਕਹਿੰਦੀ ਹੈ ਕਿ ਮੇਰੇ ਕੋਲੋਂ ਤਾਂ ਉੱਠਿਆ ਨਹੀਂ ਜਾਂਦਾ, ਤੁਸੀਂ ਮੈਨੂੰ ਠੀਕ-ਠਾਕ ਸਮਝਦੇ ਹੋ। ਪਰ ਪੇਕੇ ਜਾ ਕੇ ਕੋਈ ਥਕੇਵਾਂ ਨਹੀਂ ਹੁੰਦਾ। ਕਿਉਂਕਿ ਜਦੋਂ ਤੱਕ ਜੀਵ ਮਾਨਸਿਕ ਤੌਰ ਤੇ ਨਹੀਂ ਥੱਕਦਾ ਓਨੀ ਦੇਰ ਉਸ ਨੂੰ ਸਰੀਰਕ ਤੌਰ ਤੇ ਕੋਈ ਥਕੇਵਾਂ ਨਹੀਂ ਹੁੰਦਾ। ਇਸ ਤਰ੍ਹਾਂ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ, ਬਖਸ਼ਿਸ਼ ਕਰੋ ਮੈਨੂੰ ਵੀ ਤੁਹਾਨੂੰ ਮਿਲਣ ਲਈ ਇਸੇ ਤਰ੍ਹਾਂ ਚਾਅ ਰਹੇ।

**ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥**

ਸਾਡੇ ਪਰਿਵਾਰ ਵਿੱਚ ਜਾਂ ਸਮਾਜ ਵਿੱਚ ਵੀ ਕਈ ਐਸੇ ਜੀਵ ਸਨ ਉਹਨਾਂ ਨੇ ਕਹਿਣਾ ਕਿ

*ਜੇ ਰੱਬ ਬਹੁੜੇ ਤਾਂ ਮੀਂਹ ਪੈ ਜਾਏ ਸਹੁਰੇ।*

ਪਹਿਲਾਂ ਐਨੀਆਂ ਗੱਡੀਆਂ ਜਾਂ ਬੱਸਾਂ ਨਹੀਂ ਸਨ ਹੁੰਦੀਆਂ। ਕਿਸੇ ਜੀਵ ਦੇ ਸਹੁਰੇ ਜਾਣ 'ਤੇ ਅਗਰ ਮੀਂਹ ਪੈ ਜਾਣਾ ਤਦ ਉਸ ਨੇ ਸੋਚਣਾ ਕਿ ਚਲੋ, ਅੱਜ ਤਾਂ ਨਹੀਂ ਕਹਿਣਗੇ ਕਿ ਚਲਿਆ ਜਾਹ। ਅੱਜ ਪਸ਼ੂ ਸੰਭਾਲਣ ਤੋਂ ਛੁਟਕਾਰਾ ਮਿਲਿਆ ਹੈ। ਅੱਜ ਆਰਾਮ ਨਾਲ ਰੋਟੀ ਖਾਂਦੇ ਹਾਂ। ਜਿਹੜਾ ਪ੍ਰਾਹੁਣਾ ਇੱਕ ਦੋ ਵਾਰ ਸਹੁਰੇ ਜਾ ਕੇ ਵਿਹਲਾ ਬੈਠ ਕੇ ਰੋਟੀ ਖਾ ਲੈਂਦਾ ਹੈ ਫੇਰ ਉਸਨੂੰ ਘਰ ਦੀ ਰੋਟੀ ਸੁਆਦ ਨਹੀਂ

ਲੱਗਦੀ। ਕਿਉਂਕਿ ਦੁਨੀਆਂ ਵਿੱਚ ਜਦੋਂ ਪਿਆਰ ਜਾਗਦਾ ਹੈ ਫੇਰ ਇਨਸਾਨ ਬੇਨਤੀ ਕਰਦਾ ਹੈ ਕਿ ਸੱਚੇ ਪਾਤਿਸ਼ਾਹੋ! ਅੱਜ ਮੀਂਹ ਨਾ ਪਾਇਉ ਤਾਂ ਕਿ ਮੇਰਾ ਪ੍ਰੀਤਮ ਮੈਨੂੰ ਮਿਲਣ ਆ ਸਕੇ। ਅਗਰ ਉਹ ਆ ਜਾਵੇ ਫੇਰ ਐਨਾ ਮੀਂਹ ਪਾਇਉ ਕਿ ਉਹ ਜਾ ਹੀ ਨਾ ਸਕੇ। ਪਿਛਲੇ ਸਮੇਂ ਦੀ ਗੱਲ ਹੈ ਕਿ ਜਦੋਂ ਬੱਦਲ ਚਮਕਦਾ ਅਤੇ ਗਰਜਦਾ ਸੀ ਫੇਰ ਲੜਕੀਆਂ ਮਹਿਸੂਸ ਕਰਦੀਆਂ ਸਨ ਕਿ ਅਗਰ ਸਵੇਰੇ ਮੀਂਹ ਪੈਂਦਾ ਹੋਇਆ ਫੇਰ ਸਵੇਰੇ ਹੱਲ ਚੁੱਕ ਕੇ ਤਾਂ ਨਹੀਂ ਤੁਰੇਗਾ, ਫੇਰ ਆਪੇ ਘਰ ਤਾਂ ਬੈਠੇਗਾ ਹੀ। ਇਸ ਕਰਕੇ ਜਦੋਂ ਬੱਦਲ ਵਰਸਦਾ ਹੈ ਜੋ ਸੱਚੀਆਂ ਇਸਤਰੀਆਂ ਹਨ ਉਹ ਬਹੁਤ ਖੁਸ਼ੀ ਮਨਾਉਂਦੀਆਂ ਹਨ ਕਿ ਮੇਰਾ ਪਤੀ ਅੱਜ ਮੇਰੇ ਅਤੇ ਬੱਚਿਆਂ ਪਾਸ ਬੈਠੇਗਾ।

**ਪ੍ਰਭੁ ਪੂਰਿ ਰਹਿਆ ਸਰਬ ਠਾਈ**
**ਹਰਿ ਨਾਮ ਨਵ ਨਿਧਿ ਗ੍ਰਿਹ ਭਰੇ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇੱਕ ਇਸਤ੍ਰੀ ਦਾ ਪਤੀ ਹੈ ਅਤੇ ਇੱਕ

*ਠਾਕੁਰੁ ਏਕੁ ਸਬਾਈ ਨਾਰਿ॥ (ਅੰਗ 933)*

ਉਹ ਅਕਾਲ ਪੁਰਖ ਵਾਹਿਗੁਰੂ ਸਾਡੇ ਪਤੀ ਹਨ ਅਤੇ ਸਾਰੇ ਪੁਰਸ਼ ਅਤੇ ਇਸਤਰੀਆਂ ਉਸ ਦੀਆਂ ਪਤਨੀਆਂ ਹਾਂ। ਉਹ ਅਕਾਲ ਪੁਰਖ ਪਤੀ ਹਰ ਜਗ੍ਹਾ ਵਿਆਪਕ ਹੈ। ਇਸ ਕਰਕੇ ਜੀਵ ਨੂੰ ਉਸ ਦੇ ਮਿਲਾਪ ਦੀ ਵੀ ਤਾਂਘ ਰਹਿਣੀ ਚਾਹੀਦੀ ਹੈ।

**ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ॥**

ਇਸ ਲਈ ਤੁਸੀਂ ਕਿਸੇ ਨੂੰ ਦਿਖਾਵਾ ਕਰਕੇ ਸਿਮਰਨ ਨਾ ਕਰਿਉ ਕਿ ਮੈਨੂੰ ਬਾਬਾ ਜੀ ਜਾਂ ਹੋਰ ਕੋਈ ਪਰਿਵਾਰ ਦੇਖੇ। ਜਾਂ ਮੈਂ ਲੋਕਾਂ ਦੇ ਸਾਹਮਣੇ ਹੋਰ ਤਰੀਕੇ ਨਾਲ ਮੱਥਾ ਟੇਕਾ ਅਤੇ ਅੱਗੋ ਪਿਛੋਂ ਹੋਰ ਤਰੀਕੇ ਨਾਲ ਟੇਕਾਂ ਜਾਂ ਸਿਮਰਨ ਕਰਾਂ। ਹਜ਼ੂਰ ਫ਼ੁਰਮਾਨ ਕਰਹ ਰਹੇ ਹਨ ਕਿ ਤੁਸੀਂ ਇੱਕ ਵਾਰ ਸੱਚੇ ਦਿਲ ਨਾਲ ਸਿਮਰਨ ਕਰਕੇ ਦੇਖੋ ਫੇਰ

*ਆਪਿ ਤਰੈ ਸਗਲੇ ਕੁਲ ਤਾਰੈ॥੩॥ (ਅੰਗ 662)*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਜਿੰਮੇਵਾਰੀ ਚੁੱਕਦੇ ਹਾਂ ਕਿ ਜੋ ਜੀਵ ਸਿਮਰਨ ਕਰੇਗਾ ਉਸ ਦੇ ਪੂਰੇ ਪਰਿਵਾਰ ਦਾ ਉਧਾਰ ਹੋ ਜਾਵੇਗਾ।

**ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੈ**
**ਕ੍ਰਿਪਾਲੁ ਸਦ ਬਖਸਿੰਦੁ ਜੀਉ॥**

ਤੁਸੀਂ ਜਿਉਂ-ਜਿਉਂ ਸਿਮਰਨ ਕਰੋਗੇ ਤਿਉਂ-ਤਿਉਂ ਤੁਹਾਨੂੰ ਉਸ ਪ੍ਰੀਤਮ ਦੇ ਨਾਮ ਦਾ ਰੰਗ ਚੜ੍ਹੇਗਾ ਅਤੇ ਤਿਉਂ-ਤਿਉਂ ਤੁਹਾਡੇ ਉੱਪਰ ਜਿਆਦਾ ਕ੍ਰਿਪਾ ਹੋਵੇਗੀ।

**ਬਿਨਵੰਤਿ ਨਾਨਕ ਹਰਿ ਕੰਤੁ ਪਾਇਆ**
**ਸਦਾ ਮਨਿ ਭਾਵੰਦੁ ਜੀਉ।**

ਮੈਨੂੰ ਐਸਾ ਕੰਤ, ਐਸਾ ਪਤੀ ਮਿਲਿਆ ਹੈ ਜੋ ਮੈਨੂੰ ਸਦਾ ਹੀ ਪਿਆਰਾ ਲੱਗਦਾ ਹੈ। ਤੁਸੀਂ ਮੈਡੀਕਲ ਤੌਰ ਤੇ ਦੇਖਿਉਂ ਜਦੋਂ ਪੁਰਸ਼ ਬਿਰਧ ਹੋ ਜਾਂਦੇ ਹਨ ਉਹਨਾਂ ਦਾ ਸਿਰ ਸੱਜੇ ਖੱਬੇ ਹਿਲਦਾ ਹੈ ਅਤੇ ਇਸਤਰੀਆਂ ਦਾ ਸਿਰ ਹਮੇਸ਼ਾ ਹੇਠਾਂ ਉੱਪਰ ਨੂੰ ਹਿੱਲਦਾ ਹੈ। ਜਦੋਂ ਇਨਸਾਨ ਬਿਰਧ ਹੋ ਜਾਂਦਾ ਹੈ ਉਹ ਸਮਝਦਾ ਹੈ ਕਿ ਮੈਂ ਹੁਣ ਆਪਣੇ ਆਪ 'ਤੇ ਜਾਂ ਪਰਿਵਾਰ 'ਤੇ ਬੋਝ ਹਾਂ। ਪਰ ਮਾਲਿਕ ਇੱਕ ਐਸੇ ਪ੍ਰੀਤਮ ਜਾਂ ਐਸੀ ਬਖਸ਼ਿਸ਼ ਹੈ ਉਹ ਹਮੇਸ਼ਾ ਹੀ ਜਵਾਨ ਹੈ, ਹਮੇਸ਼ਾ ਜੀਵ ਦੀ ਆਤਮਾ ਨੂੰ ਚੰਗੇ ਲੱਗਦੇ ਹਨ।

*ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥*
*(ਅੰਗ 660)*

ਮੇਰੇ ਸਤਿਗੁਰੂ ਨੇ ਮੈਨੂੰ ਐਸਾ ਪ੍ਰੀਤਮ ਬਖਸ਼ਿਸ਼ ਕੀਤਾ ਹੈ ਜੋ ਮੈਨੂੰ ਸਦਾ ਹੀ ਪਿਆਰਾ ਲੱਗਦਾ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਉਮਰ ਪਚਾਨਵੇਂ ਸਾਲ ਦੀ ਸੀ। ਹਜ਼ੂਰ ਚੌਥੇ ਪਾਤਿਸ਼ਾਹ ਜੀ ਦੀ ਉਮਰ ਬਹੁਤ ਹੀ ਛੋਟੀ ਸੀ। ਉਹਨਾਂ ਨੇ ਆਪਣੇ ਸਤਿਗੁਰ ਨੂੰ ਮੇਰੇ ਮੋਹਨ ਜੀਉ ਅਤੇ ਮੇਰੇ ਲਾਲ ਜੀਉ ਕਹਿ ਕੇ ਸਲਾਹਿਆ ਹੈ। ਵਰਨਾ ਪਚਾਨਵੇਂ ਸਾਲ ਦੀ ਉਮਰ ਵਿੱਚ ਆਮ ਆਦਮੀ ਨੂੰ ਕੋਈ ਹੋਸ਼ ਨਹੀਂ ਹੁੰਦੀ। ਅਗਰ ਪੂਰਨ ਸੰਤਾਂ ਨੂੰ ਹੋਸ਼ ਵੀ ਹੋਵੇ ਤਦ ਉਹਨਾਂ ਨੂੰ ਕੋਈ ਪਸੰਦ ਨਹੀਂ ਕਰਦਾ ਅਤੇ ਪੁੱਛਦੇ ਰਹਿੰਦੇ ਹਨ ਕਿ ਅਗਾਂਹ ਕਿਸ ਦੀ ਡਿਊਟੀ ਲੱਗਣੀ ਹੈ। ਪਰੰਤੂ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੈਨੂੰ ਐਸੇ ਕੰਤ ਐਸੇ ਸਤਿਗੁਰ ਮਿਲੇ ਹਨ ਜੋ ਮੈਨੂੰ ਸਦਾ ਹੀ ਪਿਆਰ ਕਰਦੇ ਹਨ ਅਤੇ ਮੈਂ ਸਦਾ ਹੀ ਉਹਨਾਂ ਦੇ ਚਰਨਾਂ ਵਿੱਚ ਰਹਾਂ। ਮੇਰੀ ਐਸੀ ਭਾਵਨਾ, ਅਤੇ ਭਰੋਸਾ ਹੈ। ਹਜ਼ੂਰ ਕਿਰਪਾ ਕਰਨ ਤਾ ਕਿ ਜੀਵ ਦੇ ਮਨ ਵਿੱਚ ਐਨਾ ਪਿਆਰ, ਭਾਵ ਅਤੇ ਭਰੋਸਾ ਹੋਵੇ ਕਿ ਸਾਡੀ ਆਤਮਾ ਫੇਰ ਵੀ ਜਿਸ ਤਰ੍ਹਾਂ ਬੀਬੀਆਂ ਹੇਠਾਂ ਉੱਪਰ ਨੂੰ ਸਿਰ ਹਿਲਾਉਂਦੀਆਂ ਹਨ ਕਿ ਮਾਲਿਕ ਅਜੇ ਵੀ ਮੇਰੇ ਉੱਪਰ ਬਖਸ਼ਿਸ਼ ਕਰਨਗੇ। ਇਸ ਗੱਲ ਨੂੰ ਤੁਸੀਂ ਚਾਹੇ ਕਿਸੇ ਵੀ ਤਰੀਕੇ ਨਾਲ ਸੋਚ ਲਉ ਪਰ ਹਮੇਸ਼ਾ ਸਿਰ ਆਸ ਲਈ ਹਿਲਣਾ ਚਾਹੀਦਾ ਹੈ ਨਾ ਕਿ ਪੁਰਸ਼ਾਂ ਵਾਂਗ ਨਾਂਹ ਵਜੋਂ ਸਿਰ ਹਿੱਲੇ।

ਪੁਰਸ਼ ਹਮੇਸ਼ਾ ਹਕੀਮਾਂ ਵਾਂਗ ਸਿਰ ਹਿਲਾਉਂਦੇ ਹਨ। ਪਿਛਲੇ ਸਮੇਂ ਵਿੱਚ ਅਗਰ ਹਕੀਮ ਨੇ ਕਿਸੇ ਦੀ ਨਬਜ਼ ਫੜ ਕੇ ਸਿਰ ਮਾਰ ਦੇਣਾ, ਤਦ ਲੋਕਾਂ ਨੇ ਰੋਣ ਲੱਗ ਪੈਣਾ। ਉਸ ਨੇ ਕਹਿਣਾ ਕਿ ਮੇਰਾ ਤਾਂ ਉਂਝ ਹੀ ਸਿਰ ਹਿਲ ਗਿਆ ਹੈ ਪਰ ਜੀਵ ਨੇ ਸੋਚਣਾ ਕਿ ਸ਼ਾਇਦ ਮੈਂ ਬਚਣਾ ਨਹੀਂ ਹੈ ਤਦ ਹਕੀਮ ਨੇ ਸਿਰ ਹਿਲਾ ਦਿੱਤਾ ਹੈ। ਕਈਆਂ ਦੇ ਰੋਗ ਲੱਗਣ ਕਾਰਨ ਵੀ ਹੱਥ ਹਿੱਲਦੇ ਹਨ, ਸਿਰ ਹਿੱਲਦਾ ਹੈ। ਪਰ ਹਮੇਸ਼ਾ ਸਿਰ ਨੈਗਟਿਵ ਤੌਰ ਤੇ ਨਹੀਂ ਹਿੱਲਣਾ ਚਾਹੀਦਾ। ਜੀਵ ਨੂੰ ਹਮੇਸ਼ਾ ਆਸ ਰੱਖਣੀ ਚਾਹੀਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੈਨੂੰ ਪੱਕੀ ਆਸ ਹੈ ਕਿ ਮੈਨੂੰ ਮੇਰੇ ਪਤੀ, ਮੇਰੇ ਪ੍ਰੀਤਮ, ਮੇਰੇ ਸਤਿਗੁਰ ਐਸੇ ਮਿਲੇ ਹਨ ਜੋ ਸਦਾ ਹੀ ਮੇਰੇ ਉੱਪਰ ਬਖਸ਼ਿਸ਼ ਕਰਦੇ ਰਹਿਣਗੇ। ਜੀਵ ਨੂੰ ਇਸ ਤਰ੍ਹਾਂ ਦੀਆਂ ਜੋਦੜੀਆਂ ਅਤੇ ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ।

# ਸਤਿਸੰਗ ਸੰਗ੍ਰਾਂਦ ਮਹੀਨਾ ਮਾਘ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ** (ਅੰਗ 1109)

**ਮਾਘਿ ਪੁਨੀਤ ਭਈ ਤੀਰਥ ਅੰਤਰਿ ਜਾਨਿਆ ॥**

ਮਾਘ ਦਾ ਮਹੀਨਾ 14-01-2011 ਸ਼ੁੱਕਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ ਪਰਿਵਾਰਾਂ ਵਿੱਚ ਸੁੱਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨਿਆਂ ਵਾਲਿਉ! ਮਾਘ ਦਾ ਮਹੀਨਾ ਬਹੁਤ ਪਵਿੱਤਰ ਹੈ ਅਤੇ ਮਾਲਿਕ ਇਸ ਮਹੀਨੇ ਵਿੱਚ ਅੰਤਰਮੁਖ ਬਖਸ਼ਿਸ਼ ਕਰਦੇ ਹਨ। ਸਾਧੂ ਮਹਾਤਮਾ, ਰਿਸ਼ੀ ਮੁਨੀ, ਪੀਰ, ਪੈਗੰਬਰ ਸਾਰੇ ਹੀ ਇਸ ਮਹੀਨੇ ਨੂੰ ਬਹੁਤ ਉੱਤਮ ਸਮਝਦੇ ਹਨ। ਗੁਰਬਾਣੀ ਵਿੱਚ ਵੀ ਹਜ਼ੂਰ ਨੇ ਭੇਦ ਬਖਸ਼ਿਸ਼ ਕੀਤਾ ਹੈ ਕਿ ਇਸ ਮਹੀਨੇ ਵਿੱਚ ਲੋਕ ਬਾਹਰ ਤੀਰਥਾਂ 'ਤੇ ਜਾਂਦੇ ਹਨ, ਮਾਘੀ ਦਾ ਮੇਲਾ ਲੱਗਦਾ ਹੈ। ਮਾਘੀ ਦਾ ਇਸ਼ਨਾਨ ਵੀ ਲੋਕ ਬਾਹਰ ਦਰਿਆਵਾਂ 'ਤੇ ਜਾ ਕੇ ਕਰਦੇ ਹਨ। ਜਿੱਥੇ ਦੋ ਜਾਂ ਤਿੰਨ ਦਰਿਆਵਾਂ ਦਾ ਸੰਗਮ ਹੁੰਦਾ ਹੈ ਲੋਕ ਉੱਥੇ ਜਾ ਕੇ ਇਸ਼ਨਾਨ ਕਰਦੇ ਹਨ। ਇਸ ਮਹੀਨੇ ਵਿੱਚ ਜੋ ਪ੍ਰਾਣੀ ਸਿਮਰਨ ਕਰਦੇ ਹਨ।

*ਇੜਾ ਪਿੰਗੁਲਾ ਅਉਰ ਸੁਖਮਨਾ*
*ਤੀਨਿ ਬਸਹਿ ਇਕ ਠਾਈ ॥*
*ਬੇਣੀ ਸੰਗਮੁ ਤਹ ਪਿਰਾਗੁ*
*ਮਨੁ ਮਜਨੁ ਕਰੇ ਤਿਥਾਈ ॥੧॥ (ਅੰਗ 974)*

ਤਿੰਨ ਨਦੀਆਂ ਦੇ ਸੰਗਮ ਨੂੰ ਤ੍ਰਿਵੈਣੀ ਕਿਹਾ ਜਾਂਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੋ ਪ੍ਰਾਣੀ ਸਿਮਰਨ ਕਰਦੇ ਹਨ ਹਜ਼ੂਰ ਉਹਨਾਂ ਨੂੰ ਅੰਦਰ ਤੀਰਥਾਂ ਤੇ ਇਸ਼ਨਾਨ ਅਤੇ ਦਰਸ਼ਨ ਬਖਸ਼ਦੇ ਹਨ। ਉਹਨਾਂ ਨੂੰ ਗੰਗਾ ਜਮੁਨਾ ਸਰਸਵਤੀ ਤ੍ਰਿਵੈਣੀ ਦੇ ਦਰਸ਼ਨ ਹੁੰਦੇ ਹਨ।

**ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥**

ਇਸ ਮਹੀਨੇ ਵਿੱਚ ਜੋ ਜੀਵ ਅੱਛੇ ਅਮਲ ਕਰਦਾ ਹੈ ਉਸ ਦੀ ਸਹਿਜ ਅਵਸਥਾ ਆ ਜਾਂਦੀ ਹੈ ਅਤੇ ਮਾਲਿਕ ਦਾ ਮਿਲਾਪ ਹੁੰਦਾ ਹੈ। ਮਾਘ ਅਤੇ ਮੱਘਰ ਮਹੀਨੇ ਨੂੰ ਬਹੁਤ ਪਵਿੱਤਰ ਸਮਝਿਆ ਜਾਂਦਾ ਹੈ। ਇਸ ਕਰਕੇ ਸਾਡੇ ਵੱਡੇ ਵਡੇਰੇ ਮਾਘ ਅਤੇ ਮੱਘਰ ਦੇ ਮਹੀਨਿਆਂ ਵਿੱਚ ਹੀ ਬੱਚਿਆਂ ਦੀਆਂ ਸ਼ਾਦੀਆਂ ਕਰਿਆ ਕਰਦੇ ਸਨ। ਅੱਜ ਕੱਲ ਵਿਦੇਸ਼ ਵਿੱਚੋਂ ਆਉਣ ਵਾਲੇ ਆਪਣੀ ਸਹੂਲਤ ਦੇਖਦੇ ਹਨ ਅਤੇ ਇੱਥੇ ਰਹਿਣ ਵਾਲੇ ਆਪਣੀ ਸਹੂਲਤ ਦੇਖਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇਹ ਮਹੀਨਾ ਬਹੁਤ ਹੀ ਅੱਛਾ ਹੈ। ਜੀਵ ਨੂੰ ਅੰਤਰਮੁਖ ਗੁਰਬਾਣੀ ਦਾ ਮਿਲਾਪ ਹੁੰਦਾ ਹੈ। ਅੰਦਰ ਸੰਤਾਂ ਦੇ ਸਰੂਪ ਦੇ ਦਰਸ਼ਨ ਹੁੰਦੇ ਹਨ। ਇਸ ਕਰਕੇ ਇਸ ਮਹੀਨੇ ਨੂੰ ਬਹੁਤ ਹੀ ਭਾਗਾਂ ਵਾਲਾ ਅਤੇ ਪਵਿੱਤਰ ਸਮਝਿਆ ਜਾਂਦਾ ਹੈ।

**ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ**
**ਤੁਧੁ ਭਾਵਾ ਸਰਿ ਨਾਵਾ ॥**

ਸੱਚੇ ਪਾਤਿਸ਼ਾਹੋ! ਤੁਸੀਂ ਬੰਕੇ ਪ੍ਰੀਤਮ ਹੋ। ਤੁਸੀਂ ਸਾਨੂੰ ਬਹੁਤ ਹੀ ਸੁੰਦਰ ਅਤੇ ਪਿਆਰੇ ਲੱਗਦੇ ਹੋ। ਪਰ ਤੁਹਾਡੀ ਕਿਰਪਾ ਅਤੇ ਬਖਸ਼ਿਸ਼ ਤੋਂ ਬਗੈਰ ਸਾਨੂੰ ਮਿਲਾਪ ਨਹੀਂ ਹੋ ਸਕਦਾ। ਹਜ਼ੂਰ ਤੁਹਾਡੀ ਮਿਹਰ ਅਤੇ ਦਇਆ ਸਦਕਾ ਹੀ ਮੈਂ ਤ੍ਰਿਵੈਣੀ ਦੇ ਦਰਸ਼ਨ ਕਰ ਸਕਦਾ ਹਾਂ।

**ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥**

ਹਜ਼ੂਰ ਇਹਨਾਂ ਤਿੰਨਾਂ ਨਦੀਆਂ ਦੇ ਮਿਲਾਪ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਹੈ। ਜਿਸ ਜੀਵ ਉੱਪਰ ਅਪਾਰ ਬਖਸ਼ਿਸ਼ ਹੁੰਦੀ ਹੈ ਉਸਦਾ ਇਹਨਾਂ ਤਿੰਨਾਂ ਇੜਾ ਪਿੰਗਲਾ ਸੁਖਮਨਾ ਦਾ ਅੰਤਰ ਮਿਲਾਪ ਹੁੰਦਾ ਹੈ। ਅਤੇ ਜੀਵ ਦੀ ਆਤਮਾ ਉਸ ਸੰਗਮ ਤੇ ਜਾ ਕੇ ਇਸ਼ਨਾਨ ਕਰਦੀ ਹੈ। ਤੁਸੀਂ ਜਿਸ ਤਰ੍ਹਾਂ ਦੇ ਹੁਣ ਕੱਪੜੇ ਪਾਏ ਹੋਏ ਹਨ, ਜਿਸ ਤਰ੍ਹਾਂ ਦਾ ਤੁਸੀਂ ਹੁਣ ਲਿਬਾਸ ਪਾਇਆ ਹੋਇਆ ਹੈ ਰਾਤ ਨੂੰ ਤੁਹਾਡੀ ਸੁਰਤ ਉੱਥੇ ਇਸੇ ਤਰ੍ਹਾਂ ਹੀ ਪਹੁੰਚੇਗੀ। ਕੱਪੜੇ ਉਤਾਰ ਕੇ ਇਸ਼ਨਾਨ ਕਰੇਗੀ। ਕਈ ਜੀਵਾਂ ਉੱਪਰ ਐਸੀ ਅਪਾਰ ਬਖਸ਼ਿਸ਼ ਹੁੰਦੀ ਹੈ ਕਿ ਉਹਨਾਂ ਦੀ ਆਤਮਾ ਇਹਨਾਂ ਪਵਿੱਤਰ ਅਸਥਾਨਾਂ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਕੇ ਆਉਂਦੀ ਹੈ। ਜਦੋਂ ਸਵੇਰੇ ਉਹ ਜੀਵ ਉੱਠਦੇ ਹਨ ਤਾਂ ਉਹਨਾਂ ਨੇ ਜਿਹੜਾ ਕੱਛਾ ਪਾ ਕੇ ਇਸ਼ਨਾਨ ਕੀਤਾ ਹੁੰਦਾ ਹੈ ਉਹ ਭਿੱਜਾ ਹੁੰਦਾ ਹੈ ਅਰਥਾਤ ਉਹਨਾਂ ਦੀ ਆਤਮਾਂ ਸਾਖਿਆਤ ਉੱਥੇ ਪਹੁੰਚਦੀ ਹੈ। ਪਰ ਇਹ ਬਖਸ਼ਿਸ਼ ਬਹੁਤ ਵਿਰਲਿਆਂ ਦੇ ਹਿੱਸੇ ਆਉਂਦੀ ਹੈ ਕਿ ਜੀਵ ਕਿਤੇ ਬੈਠਾ ਵੀ

ਹਰਿਮੰਦਰ ਸਾਹਿਬ ਜਾ ਕੇ ਇਸ਼ਨਾਨ ਕਰ ਸਕਦਾ ਹੈ।

*ਰਾਮ ਦਾਸ ਸਰੋਵਰਿ ਨਾਤੇ*

*ਸਭਿ ਉਤਰੇ ਪਾਪ ਕਮਾਤੇ॥ (ਅੰਗ 625)*

ਸੱਚੇ ਪਾਤਿਸ਼ਾਹੋ! ਗੰਗਾ, ਜਮੁਨਾ, ਬੇਣੀ ਸੰਗਮ ਤੁਹਾਡੀ ਕਿਰਪਾ ਨਾਲ ਹੀ ਜੀਵ ਨੂੰ ਪ੍ਰਾਪਤ ਹੋ ਸਕਦਾ ਹੈ।

**ਪੁੰਨ ਦਾਨ ਪੂਜਾ ਪਰਮੇਸਰੁ ਜੁਗਿ ਜੁਗਿ ਏਕੋ ਜਾਤਾ॥**

*ਲੇਨੇ ਕੋ ਹਰੀ ਨਾਮ ਹੈ ਦੇਨੇ ਕੋ ਹੈ ਦਾਨ।*

*ਤੈਰਨੇ ਕੋ ਗੁਰੂ ਭਗਤੀ ਡੂਬਨੇ ਕੋ ਅਭਿਮਾਨ।*

ਉਸ ਗੁਰੂ ਦੀ ਪੂਜਾ ਜੁਗਾਂ ਤੋਂ ਹੁੰਦੀ ਆਈ ਹੈ ਅਗਰ ਅਸੀਂ ਪੂਜਾ ਨਹੀਂ ਕਰਾਂਗੇ ਤਦ ਪਰਮੇਸਰ ਨੂੰ ਕੋਈ ਫਰਕ ਨਹੀਂ ਪੈਂਦਾ। ਜਿਸ ਤਰ੍ਹਾਂ ਅਗਰ ਕੋਈ ਜਿੰਮੀਦਾਰ ਖੇਤ ਬੀਜਦਾ ਜਾਂ ਵਾਹੁੰਦਾ ਨਹੀਂ ਹੈ ਉਸ ਨਾਲ ਖੇਤ ਦਾ ਕੋਈ ਨੁਕਸਾਨ ਨਹੀਂ ਹੁੰਦਾ, ਜਿੰਮੀਦਾਰ ਹੀ ਭੁੱਖਾ ਮਰਦਾ ਹੈ। ਅਗਰ ਦੁਕਾਨਦਾਰ ਦੁਕਾਨ ਨਹੀਂ ਖੋਲਦਾ ਤਦ ਉਸ ਵਿੱਚ ਦੁਕਾਨ ਦਾ ਕੋਈ ਨੁਕਸਾਨ ਨਹੀਂ ਹੈ। ਫੇਰ ਗ੍ਰਾਹਕ ਘੱਟ ਆਉਣਗੇ, ਵਿਕਰੀ ਘੱਟ ਹੋਣ ਕਾਰਨ ਦੁਕਾਨਦਾਰ ਦਾ ਹੀ ਨੁਕਸਾਨ ਹੋਣਾ ਹੈ। ਇਸੇ ਤਰ੍ਹਾਂ ਅਗਰ ਅਸੀਂ ਪੂਜਾ ਪਾਠ ਨਹੀਂ ਕਰਾਂਗੇ ਤਾਂ ਪ੍ਰਮੇਸ਼ਵਰ ਦੇ ਘਰ ਕੋਈ ਕਮੀ ਨਹੀਂ ਆਵੇਗੀ। ਕਿਉਂਕਿ ਉੱਥੇ ਤਾਂ

*ਜਿਤ ਦਰ ਲਖ ਮੁਹੰਮਦਾ ਲਖ ਰਾਹੀ ਲਖ ਵੇਸ।*

*ਲਖ ਲਖ ਰਾਮ ਵਡੀਰੀਏ ਲਖ ਕਾਜੀ ਮੁਲਾਂ ਸੇਖ॥*

ਲੱਖਾਂ ਕਰੋੜਾਂ ਜੀਵ ਉਸ ਪ੍ਰਭੂ ਦੇ ਦਰਬਾਰ ਵਿੱਚ ਸਿਮਰਨ ਕਰ ਰਹੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਹਰ ਇਨਸਾਨ ਦਾ ਇਹ ਫਰਜ ਬਣਦਾ ਹੈ ਕਿ ਉਸਨੂੰ ਇਸ ਮਹੀਨੇ ਵਿੱਚ ਪੁੰਨ, ਦਾਨ, ਪੂਜਾ ਕਰਨੀ ਚਾਹੀਦੀ ਹੈ। ਲੋਕ ਇਸ ਮਹੀਨੇ ਵਿੱਚ ਪੁੰਨ, ਦਾਨ, ਪੂਜਾ ਲਈ ਹਰਿਦੁਆਰ ਕਾਸ਼ੀ ਮਥੁਰਾ ਜਾਇਆ ਕਰਦੇ ਸੀ। ਪਰ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰ ਦਿੱਤਾ ਹੈ ਕਿ

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

*(ਅੰਗ 135)*

ਹਿੰਦੁਸਤਾਨ ਵਿੱਚ ਅਠਾਹਠ ਤੀਰਥ ਹਨ। ਇੱਕ ਇਨਸਾਨ ਅਠਾਹਠ ਤੀਰਥਾਂ ਤੇ ਜਾਂਦਾ ਹੈ। ਇੱਕ ਜੀਵ ਕਿਸੇ ਗਰੀਬ ਦੀ ਲੜਕੀ ਦੀ ਸ਼ਾਦੀ ਕਰ ਦਿੰਦਾ ਹੈ, ਕਿਸੇ ਬਿਮਾਰ ਵਿਅਕਤੀ ਨੂੰ ਹਸਪਤਾਲ ਲਿਜਾ ਕੇ ਇਲਾਜ ਕਰਵਾ ਦਿੰਦਾ ਹੈ ਜਾਂ ਕਿਸੇ ਦੀ ਲੜਕੀ ਪੜਨ ਵਿੱਚ ਹੁਸ਼ਿਆਰ ਹੈ ਪਰ ਉਸ ਦੇ ਪਰਿਵਾਰ ਕੋਲ ਕੋਰਸ ਕਰਾਉਣ ਲਈ ਪੈਸੇ ਨਹੀਂ ਹਨ ਤਾਂ ਉਸ ਨੂੰ ਕੋਰਸ ਕਰਵਾਉਣ ਲਈ ਪੈਸੇ ਦੇ ਦਿੰਦੇ ਹਨ। ਸਾਡੇ ਕੋਲ ਵੀ ਕਈ ਬੜੇ-ਬੜੇ ਲਾਇਕ ਬੱਚੇ ਹਨ ਪਰ ਉਹਨਾਂ ਦੇ ਪਰਿਵਾਰਾਂ ਕੋਲ ਇੰਨੀ ਹਿੰਮਤ ਨਹੀਂ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਫੀਸਾਂ ਦੇ ਸਕਣ। ਸੰਗਤ ਵਿੱਚੋਂ ਹੀ ਕਈ ਜੀਵਾਂ ਉੱਪਰ ਮਾਲਿਕ ਦੀ ਕਿਰਪਾ ਵੀ ਹੈ ਅਤੇ ਹਜ਼ੂਰ ਉਹਨਾਂ ਉੱਪਰ ਹੋਰ ਕਿਰਪਾ ਕਰਨ ਕਿਉਂਕਿ ਉਹ ਉਹਨਾਂ ਬੱਚਿਆਂ ਦੇ ਦਾਖਲੇ ਅਤੇ ਫੀਸਾਂ ਦੇਣ ਦੀ ਕੋਸ਼ਿਸ਼ ਕਰਦੇ ਹਨ। ਖਾਸ ਕਰਕੇ ਪਿਆਰਾ ਸਿੰਘ ਫਗਵਾੜੇ ਵਾਲੇ ਦਾ ਲੜਕਾ ਹੈ। ਸਾਰੇ ਹੀ ਬਾਹਰ ਟਰੱਕ ਚਲਾਉਂਦੇ ਹਨ, ਕਾਰੋਬਾਰ ਕਰਦੇ ਹਨ। ਪਰ ਉਸ ਉੱਪਰ ਹਜ਼ੂਰ ਨੇ ਕਿਰਪਾ ਕੀਤੀ ਹੈ ਉਹ ਹਰ ਸਾਲ ਇੱਕ ਦੋ ਲੜਕੀਆਂ ਵਾਸਤੇ ਫੀਸਾਂ ਭੇਜਦਾ ਹੈ। ਉਹਨਾਂ ਦੀਆਂ ਫੀਸਾਂ ਵੀ ਅਤੇ ਸਲਾਨਾ ਦਾਖਲਾ ਵੀ ਭੇਜਦਾ ਹੈ। ਸੰਤਾਂ ਨੇ ਇਸੇ ਕਰਕੇ ਫੁਰਮਾਨ ਕੀਤਾ ਹੈ ਕਿ ਇੱਕ ਜੀਵ ਅਠਾਹਠ ਤੀਰਥਾਂ ਤੇ ਪੂਜਾ ਪਾਠ ਕਰਦਾ ਫਿਰਦਾ ਹੈ, ਇਸ਼ਨਾਨ ਕਰਦਾ ਹੈ ਪਰ ਇੱਕ ਜੀਵ ਦੁਖੀਏ ਦਾ ਇਲਾਜ ਕਰਵਾ ਦਿੰਦਾ ਹੈ ਉਹ ਦਇਆ ਕਰਨ ਵਾਲਾ ਉਤਮ ਹੈ। ਅਸੀਂ ਦੇਖਿਆ ਹੈ ਕਿ ਅਸੀਂ ਅਤੇ ਤੁਸੀਂ ਬਹੁਤ ਸਾਰੀਆਂ ਗਲਤੀਆਂ ਕਰਦੇ ਹਾਂ। ਪਰ ਸਾਰਿਆਂ ਦਾ ਜੋ ਯੋਗਦਾਨ ਹੈ ਤੁਸੀ ਪੈਸਿਆਂ ਨਾਲ ਵੀ ਸੇਵਾ ਕਰਦੇ ਹੋ ਉਹ ਪੈਸਾ ਲਾਚਾਰ ਵਿਅਕਤੀਆਂ ਦੇ ਇਲਾਜ ਉੱਪਰ ਲੱਗਦਾ ਹੈ। ਸਾਡੇ ਕੋਲ ਬਹੁਤ ਸਾਰੇ ਐਸੇ ਲੋਕ ਆਉਂਦੇ ਹਨ, ਮਹੱਲੇ ਵਾਲੇ ਆ ਕੇ ਕਹਿੰਦੇ ਹਨ ਕਿ ਸਾਡਾ 29 ਜਾਂ 30 ਹਜ਼ਾਰ ਬਿੱਲ ਬਣਿਆ ਹੈ। ਪੰਜ ਛੇ ਹਜ਼ਾਰ ਅਸੀਂ ਮਹੱਲੇ ਵਿੱਚੋਂ ਇੱਕਠਾ ਕਰਕੇ ਦੇ ਕੇ ਰਹੇ ਹਾਂ। ਹੁਣ ਸਾਡੇ ਕੋਲ ਹੋਰ ਕੋਈ ਸਾਧਨ ਨਹੀਂ ਹੈ। ਉਹਨਾਂ ਨੂੰ ਅਸੀਂ ਕਹਿੰਦੇ ਹਾਂ ਕਿ ਥੋੜ੍ਹੀ ਕੋਸ਼ਿਸ਼ ਤੁਸੀਂ ਕਰੋ, ਥੋੜੀ ਅਸੀਂ ਕਰਦੇ ਹਾਂ ਕਿਉਂਕਿ ਉਹਨਾਂ ਨੇ ਤਾਂ ਅਲੱਗ-ਅਲੱਗ ਮਹੱਲਿਆਂ ਵਿੱਚੋਂ ਆਉਣਾ ਹੁੰਦਾ ਹੈ। ਪਰ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਕੋਈ ਜੀਵ ਇਲਾਜ ਪਿੱਛੇ ਨਾ ਮਰੇ, ਮੌਤ ਨਾਲ ਤਾਂ ਸਭ ਨੇ ਮਰਨਾ ਹੀ ਹੈ। ਜੋ ਵੀ ਪ੍ਰਾਣੀ ਸੇਵਾ ਕਰਦੇ ਹਨ ਉਹਨਾਂ ਨੂੰ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ, ਉਹਨਾਂ ਉੱਪਰ ਬਖਸ਼ਿਸ਼ ਹੁੰਦੀ ਹੈ।

ਗ੍ਰੰਥਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਕੋਈ ਪੰਡਿਤ ਸੀ ਉਹ ਮੰਦਿਰ ਵੱਲ ਆਰਤੀ ਕਰਨ ਜਾ ਰਿਹਾ ਸੀ। ਕੋਈ ਜੀਵ ਰਸਤੇ ਵਿੱਚ ਜਖਮੀ ਹੋਇਆ ਪਿਆ ਸੀ ਉਹ ਕਹਿਣ ਲੱਗਾ ਪੰਡਿਤ ਜੀ! ਮੈਂ ਲਾਚਾਰ ਹਾਂ ਮੈਨੂੰ ਹਸਪਤਾਲ ਪਹੁੰਚਾ ਦਿਉ ਜਾਂ ਮੇਰੇ ਘਰਦਿਆਂ ਨੂੰ ਇਤਲਾਹ ਦੇ ਦਿਉ। ਪੰਡਿਤ ਕਹਿਣ ਲੱਗਾ ਮੇਰੀ ਆਰਤੀ ਦਾ ਸਮਾਂ ਹੋ ਗਿਆ ਹੈ। ਫੇਰ ਕੋਈ ਸਿੱਖ ਉੱਧਰੋਂ ਦੀ ਲੰਘਿਆ ਉਹ ਗੁਰਦੁਆਰੇ ਦਾ ਭਾਈ ਸੀ। ਉਸ ਨੇ ਵੀ ਜਖਮੀ ਵਿਅਕਤੀ ਨੂੰ ਕਹਿ ਦਿੱਤਾ ਕਿ ਮੇਰਾ ਰਹਿਰਾਸ ਦਾ ਸਮਾਂ ਹੋਇਆ ਹੈ ਅਗਰ ਮੈਂ ਪਾਠ ਤੋਂ ਲੇਟ ਹੋ ਗਿਆ ਤਾਂ ਮੈਨੂੰ ਸੁਸਾਇਟੀ ਵਾਲਿਆਂ ਨੇ ਨੌਕਰੀ ਤੋਂ ਕੱਢ ਦੇਣਾ ਹੈ। ਇਸ ਕਰਕੇ ਮੈਂ ਮਜਬੂਰ ਹਾਂ ਮੈਂ ਤੇਰੀ ਮਦਦ ਨਹੀਂ ਕਰ ਸਕਦਾ। ਇਸੇ ਤਰ੍ਹਾਂ ਮੁਸਲਮਾਨ ਮੌਲਵੀ ਸੀ ਉਸ ਨੇ ਕਿਹਾ ਕਿ ਮੇਰਾ ਨਮਾਜ਼ ਦਾ ਸਮਾਂ ਹੋਇਆ ਹੈ, ਮੈਂ ਬਾਂਗ ਦੇਣੀ ਹੈ ਮੈਨੂੰ ਸ਼ਰਈ

ਪੁਰਸ਼ ਕਹਿਣਗੇ ਤੂੰ ਕਿੱਥੇ ਚਲਾ ਗਿਆ ਸੀ ? ਇਸੇ ਤਰ੍ਹਾਂ ਇਸਾਈ ਸੀ ਉਸ ਨੇ ਕਿਹਾ ਕਿ ਮੇਰਾ ਪ੍ਰੇਅਰ ਦਾ ਸਮਾਂ ਹੋ ਗਿਆ ਹੈ। ਅਸੀਂ ਅੰਦਰ ਜਾ ਕੇ ਘੰਟੀ ਖੜਕਾਉਂਦੇ ਹਾਂ, ਉਹ ਥੱਲਿਓਂ ਰੱਸੀ ਖਿੱਚ ਕੇ ਉੱਪਰੋਂ ਘੰਟੀ ਖੜਕਾਉਂਦੇ ਹਨ। ਉਸ ਨੇ ਵੀ ਕਿਹਾ ਕਿ ਮੇਰਾ ਕਾਲ ਬੈੱਲ ਦਾ ਸਮਾਂ ਹੈ ਮੈਂ ਲਾਰਡ ਕ੍ਰਾਈਸਟ ਦੀ ਪ੍ਰੇਅਰ ਕਰਨੀ ਹੈ। ਇਸ ਤਰ੍ਹਾਂ ਉਹ ਵੀ ਚਲਾ ਗਿਆ। ਕੋਈ ਮਜਦੂਰ ਵਿਅਕਤੀ ਅੱਗਿਉਂ ਦੀ ਲੰਘ ਰਿਹਾ ਸੀ ਉਹ ਕਦੇ ਵੀ ਮੰਦਰ, ਮਸਜਿਦ, ਚਰਚ ਜਾਂ ਗੁਰਦੁਆਰੇ ਨਹੀਂ ਸੀ ਗਿਆ। ਉਸ ਵਿਅਕਤੀ ਨੇ ਆਪਣੇ ਦੋਸਤਾਂ ਨੂੰ ਕਿਹਾ ਕਿ ਮੇਰੇ ਮਾਲਿਕਾਂ ਕਾਰਖਾਨੇਦਾਰ ਨੂੰ ਕਹਿ ਦਿਉ ਕਿ ਮੈਂ ਇੱਕ ਜਖਮੀ ਨੂੰ ਹਸਪਤਾਲ ਲੈ ਕੇ ਜਾ ਰਿਹਾ ਹਾਂ ਉਹ ਬੇਸ਼ਕ ਮੇਰੀ ਅੱਧੀ ਛੁੱਟੀ ਜਾਂ ਪੂਰੀ ਦਿਹਾੜੀ ਕੱਟ ਲਵੇ। ਮੇਰੇ ਤੋਂ ਉਸ ਜੀਵ ਦੀ ਹਾਲਤ ਦੇਖੀ ਨਹੀਂ ਜਾ ਰਹੀ। ਜੋ ਜੀਵ ਸ਼ਰਈ ਨਹੀਂ ਸੀ ਉਹ ਜਖਮੀ ਜੀਵ ਨੂੰ ਚੁੱਕ ਕੇ ਹਸਪਤਾਲ ਲੈ ਗਿਆ। ਉੱਥੇ ਜਾ ਕੇ ਡਾਕਟਰਾਂ ਨੂੰ ਇਲਾਜ ਲਈ ਬੇਨਤੀ ਕੀਤੀ ਤਾਂ ਡਾਕਟਰਾਂ ਨੇ ਪੁੱਛਿਆ ਕਿ ਇਹ ਤੇਰਾ ਕੀ ਲੱਗਦਾ ਹੈ। ਉਸ ਨੇ ਉੱਤਰ ਦਿੱਤਾ ਕਿ ਮੇਰਾ ਇਸ ਨਾਲ ਇਨਸਾਨੀਅਤ ਦਾ ਨਾਤਾ ਹੈ। ਐਨੀ ਦੇਰ ਨੂੰ ਭਗਵਾਨ ਸਾਖਿਆਤ ਰੂਪ ਧਾ ਕੇ ਕਹਿਣ ਲੱਗੇ ਕਿ ਪੁੱਤਰ ਮੈਂ ਹੀ ਭਗਵਾਨ ਹਾਂ। ਜਿਸ ਨੂੰ ਸਾਰੇ ਲੱਭਦੇ ਫਿਰਦੇ ਹਨ। ਤੂੰ ਜੁਆਬ ਨਾ ਦੇਵੀਂ ਕਿ ਮੇਰੇ ਕੋਲ ਪੈਸਾ ਨਹੀਂ ਹੈ। ਤੂੰ ਆਹ ਪੈਸੇ ਫੜ ਜਿੰਨੇ ਚਾਹੀਦੇ ਹਨ ਅਤੇ ਇਲਾਜ ਕਰਵਾ। ਤਦ ਉਸ ਜੀਵ ਨੇ ਕਿਹਾ ਐ ਭਗਵਾਨ! ਮੈਂ ਤੈਨੂੰ ਕਦੇ ਚੇਤੇ ਨਹੀਂ ਕੀਤਾ, ਮੈਂ ਤੈਨੂੰ ਕਦੇ ਨਹੀਂ ਮੰਨਿਆ ਕਿ ਭਗਵਾਨ ਵੀ ਕੋਈ ਕੰਮ ਕਰਦੇ ਹਨ। ਭਗਵਾਨ ਨੇ ਕਿਹਾ ਕਿ ਤੂੰ ਮੇਰੇ ਜੀਅ-ਜੰਤਾਂ ਨਾਲ, ਮੇਰੀ ਬਣਾਈ ਦੁਨੀਆਂ ਨਾਲ ਪਿਆਰ ਕੀਤਾ ਹੈ ਇਸ ਕਰਕੇ ਮੈਂ ਤੈਨੂੰ ਪਿਆਰ ਕਰਦਾ ਹਾਂ, ਅੱਜ ਤੋਂ ਬਾਦ ਤੂੰ ਜੋ ਵੀ ਮੰਗੇਗਾ ਤੈਨੂੰ ਮਿਲੇਗਾ। ਤਦੇ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*(ਅੰਗ 135)*

ਅਗਰ ਤੁਸੀਂ ਕਿਸੇ ਜੀਵ ਉੱਪਰ ਦਇਆ ਕਰਦੇ ਹੋ ਤਦ ਤੁਸੀਂ ਅਠਾਹਠ ਤੀਰਥਾਂ ਦੇ ਦਰਸ਼ਨ ਅਤੇ ਇਸ਼ਨਾਨ ਦਾ ਫਲ ਪ੍ਰਾਪਤ ਕਰ ਲੈਂਦੇ ਹੋ ਕਿਉਂਕਿ

*ਗ੍ਰੰਥ ਪੰਥ ਸਭ ਜਗਤ ਕੇ ਬਾਤ ਬਤਾਵੇਂ ਤੀਨ।*
*ਮਨ ਨਿਰਮਲ ਹਿਰਦੇ ਦਇਆ ਤਨ ਸੇਵਾ ਮੇਂ ਲੀਨ।*

ਸਾਰੇ ਗ੍ਰੰਥ ਅਤੇ ਕਥਾ ਵਾਚਕ ਇਹੋ ਹੀ ਦੱਸਦੇ ਹਨ ਕਿ ਇਨਸਾਨ ਦਾ ਮਨ ਸਾਫ਼ ਹੋਣਾ ਚਾਹੀਦਾ ਹੈ। ਹਿਰਦੇ ਵਿੱਚ ਦੂਸਰੇ ਲਈ ਦਇਆ ਹੋਣੀ ਚਾਹੀਦੀ ਹੈ ਅਤੇ ਤਨ ਸੇਵਾ ਇੱਕ ਲੀਨ ਹੋਣਾ ਚਾਹੀਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਇਸ ਤਰ੍ਹਾਂ ਅਗਰ ਤੁਸੀਂ ਦੂਸਰੇ ਵਾਸਤੇ ਹਮਦਰਦੀ ਅਤੇ ਪਿਆਰ ਰੱਖੋਗੇ ਤਦ ਉਹ ਭਗਵਾਨ, ਅੱਲਾਹ, ਰਾਮ, ਗਾਡ, ਸਾਖਿਆਤ ਆ ਕੇ ਤੁਹਾਡੀ ਸਹਾਇਤਾ ਕਰਦੇ ਹਨ ਫੇਰ

*ਵਿਚਿ ਕਰਤਾ ਪੁਰਖੁ ਖਲੋਆ ॥*
*ਵਾਲੁ ਨ ਵਿੰਗਾ ਹੋਆ ॥ (ਅੰਗ 623)*

ਫੇਰ ਅਗਰ ਜੀਵ ਉੱਪਰ ਕੋਈ ਕਰਮ ਵਾਰਦ ਹੋ ਰਿਹਾ ਹੁੰਦਾ ਹੈ ਤਾਂ ਉਹ ਵੀ ਟਲ ਜਾਂਦਾ ਹੈ।

**ਨਾਨਕ ਮਾਘਿ ਮਹਾ ਰਸੁ ਹਰਿ ਜਪਿ**
**ਅਠਸਠਿ ਤੀਰਥ ਨਾਤਾ ॥੧੫॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ ਅਗਰ ਮਾਘ ਦੇ ਮਹੀਨੇ ਤੂੰ ਪ੍ਰਭੂ ਦਾ ਯਸ਼ ਕਰੇਗਾ, ਗੁਣ ਗਾਵੇਂਗਾ, ਸਿਮਰਨ ਕਰੇਂਗਾ ਤਦ ਤੈਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲੇਗਾ। ਅਗਰ ਸਵੇਰੇ ਉੱਠ ਕੇ ਸਿਮਰਨ ਕਰੇਂਗਾ ਤਦ ਸਮਝ ਲਵੀਂ ਤੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਅੱਜ ਮਾਘੀ ਦਾ ਦਿਹਾੜਾ ਹੈ। ਲੋਕ ਦਰਿਆਵਾਂ 'ਤੇ ਜਾ ਕੇ ਅਤੇ ਮੁਕਤਸਰ ਜਾ ਕੇ ਸਰੋਵਰ ਵਿਚ ਇਸ਼ਨਾਨ ਕਰ ਰਹੇ ਹਨ। ਪਰ ਹਜ਼ੂਰ ਨੇ ਗੁਰਬਾਣੀ ਵਿੱਚ ਬਹੁਤ ਛੋਟਾਂ ਦਿੱਤੀਆਂ ਹਨ ਕਿ ਅਗਰ ਤੁਸੀਂ ਸਵੇਰੇ ਉੱਠ ਕੇ ਸਿਮਰਨ ਕਰ ਲਿਆ ਤਦ ਬਹੁਤ ਵੱਧੀਆ ਗੱਲ ਹੈ। ਨਹੀਂ ਤਾਂ ਇੱਥੋਂ ਸਤਿਸੰਗ ਸੁਣਨ ਤੋਂ ਬਾਅਦ, ਅਰਦਾਸ ਹੋਣ ਤੋਂ ਪਿੱਛੋਂ ਲੰਗਰ ਖਾਂਦਿਆਂ-ਖਾਂਦਿਆਂ ਹੀ ਦੋ ਚਾਰ ਮਿੰਟ ਸਿਮਰਨ ਕਰ ਲਿਆ, ਘਰ ਨੂੰ ਵਾਪਸ ਤੁਰਨ ਲੱਗਿਆਂ ਕਰ ਲਿਆ, ਗੱਡੀ ਤੱਕ ਪਹੁੰਚਦਿਆਂ, ਬੱਸ ਤੱਕ ਪਹੁੰਚਦਿਆਂ ਆਪਣੀ ਕਾਰ ਤੱਕ ਪਹੁੰਚਦਿਆਂ ਹੀ ਸਿਮਰਨ ਕਰ ਲਿਆ ਤਦ ਸਮਝੋ ਕਿ ਤੁਸੀਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਦੱਸੋ ਇਸ ਤੋਂ ਵੱਡਾ ਹੋਰ ਕੋਈ ਫਾਇਦਾ ਹੋ ਸਕਦਾ ਹੈ, ਖੁਸ਼ੀ ਮਿਲ ਸਕਦੀ ਹੈ ? ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿੰਨਾ ਮਾਘ ਦੇ ਮਹੀਨੇ ਵਿੱਚ ਸਿਮਰਨ ਕਰਨ ਨਾਲ ਰਸ ਆਉਂਦਾ ਹੈ ਓਨਾ ਰਸ ਹੋਰ ਕਿਸੇ ਵੀ ਮਹੀਨੇ ਵਿੱਚ ਨਹੀਂ ਆਉਂਦਾ। ਹਰ ਮਹੀਨੇ ਵਿੱਚ ਪ੍ਰੇਰਨਾ ਮਿਲਦੀ ਹੈ। ਪਰ ਮਾਘ ਦੇ ਮਹੀਨੇ ਵਿੱਚ ਰੱਸ ਲੈ ਕੇ ਦੇਖੋ। ਤੁਹਾਡੇ ਅੰਦਰ

*ਅਠੇ ਪਹਿਰ ਮਹਲ ਵਿਚ ਚਾਨਣ ਜਗਣ ਪ੍ਰੇਮ ਦੇ ਦੀਵੇ।*
*ਨਾਨਕ ਦੇ ਘਰ ਅੰਮ੍ਰਿਤ ਵਰਸੇ ਵਿਰਲਾ ਗੁਰਮੁਖ ਪੀਵੇ।*

ਭਾਗਾਂ ਵਾਲੇ ਜੀਵ ਹੀ ਇਸ ਰਸ ਦੀ ਪ੍ਰਾਪਤੀ ਕਰਦੇ ਹਨ। ਅਸੀਂ ਤੁਹਾਨੂੰ ਇਹ ਨਹੀਂ ਕਹਿੰਦੇ ਕਿ ਘਰ-ਬਾਰ ਛੱਡ ਕੇ ਨੌਕਰੀਆਂ, ਖੇਤੀ, ਕਾਰਖਾਨੇ ਛਡਣੇ ਹਨ।

*ਖਾਤੇ ਪੀਤੇ ਚਲਤੇ ਫਿਰਤੇ*
*ਸੋਵਤ ਜਾਗਤ ਬਿਸਰ ਨਹੀਂ ਜਾਤ।*

ਜਦੋਂ ਅਸੀਂ ਤੁਰਦਿਆਂ, ਫਿਰਦਿਆਂ, ਬੈਠਦਿਆਂ ਉੱਠਦਿਆਂ ਸਿਮਰਨ ਕਰਾਂਗੇ ਫੇਰ ਸਾਨੂੰ ਇੱਕ ਵਧੀਆ ਰਸ ਆਵੇਗਾ ਅਤੇ ਮਾਲਿਕ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ।

ਸੋਈ ਮਾਘ ਦਾ ਮਹੀਨਾ ਸ਼ੁਕਰਵਾਰ ਦਾ ਦਿਨ ਹਜ਼ੂਰ ਖ਼ੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖ਼ਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖ਼ਸ਼ੀ ਹੈ ਇਸੇ ਤਰ੍ਹਾਂ ਬਖ਼ਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖ਼ਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ।

**ਬਾਰਾ ਮਾਹਾ ਮਾਂਝ ਮਹਲਾ ੫ (ਅੰਗ 135)**

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਮਾਘ ਦੇ ਮਹੀਨੇ ਵਿੱਚ ਸਾਬਣ ਮਲ-ਮਲ ਕੇ ਆਪਣੇ ਸਰੀਰ ਨੂੰ ਚਿੱਟਿਆਂ ਕਰਨਾ ਜਾਂ ਮੈਲ ਲਾਹੁਣ ਨਾਲ ਤਨ ਦੀ ਮੈਲ ਤਾਂ ਉੱਤਰ ਜਾਵੇਗੀ ਪਰ ਮਨ ਦੀ ਮੈਲ ਨੂੰ ਸਾਫ ਕਰਨ ਵਾਲਾ ਮੰਜਨ ਸਾਧੂਆਂ ਦੇ ਬਚਨ ਹਨ। ਜਦੋਂ ਤੁਸੀਂ ਸਾਧੂਆਂ ਦੇ ਬਚਨਾਂ ਉੱਪਰ ਅਮਲ ਕਰੋਗੇ ਤਦ ਉਹਨਾਂ ਬਚਨਾਂ ਦੀ ਧੂੜੀ ਤੁਹਾਡੀ ਆਤਮਾ ਨੂੰ ਇਸ਼ਨਾਨ ਕਰਾਵੇਗੀ ਅਤੇ ਇਸ਼ਨਾਨ ਕਰਨ ਦਾ ਜੋ ਲਾਭ ਹੋਵੇਗਾ ਉਸ ਦਾ ਭੇਦ ਹਜ਼ੂਰ ਅੱਗੇ ਬਖ਼ਸ਼ ਰਹੇ ਹਨ।

**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

ਐ ਜੀਵ! ਤੂੰ ਉਸ ਮਾਲਿਕ ਦਾ ਨਾਮ ਧਿਆਉਣਾ ਵੀ ਹੈ ਅਤੇ ਸੁਣਨਾ ਵੀ ਹੈ। ਜਦੋਂ ਤੁਸੀਂ ਜਾ ਕੇ ਸਿਮਰਨ ਕਰਨਾ ਹੈ ਉਦੋਂ ਸਮਝਿਉ ਕਿ ਤੁਸੀਂ ਧਿਆ ਰਹੇ ਹੋ। ਹੁਣ ਤੁਸੀਂ ਯਸ਼ ਸੁਣ ਰਹੇ ਹੋ ਤਾਂ ਸਮਝੋ ਸੁਣ ਰਹੇ ਹੋ।

*ਗਾਵਤੇ ਉਧਰਹਿ ਸੁਣਤੇ ਉਧਰਹਿ*
*ਬਿਨਸਹਿ ਪਾਪ ਘਨੇਰੇ ॥ (ਅੰਗ 802)*

ਹਜ਼ੂਰ ਯਸ਼ ਗਾਉਣ ਵਾਲਿਆਂ ਦੀ ਵੀ ਜ਼ਿੰਮੇਵਾਰੀ ਚੁੱਕਦੇ ਹਨ ਕਿ ਅਸੀਂ ਅਧਾਰ ਕਰਾਂਗੇ। ਸੋਈ ਬੰਦਗੀ ਇਕ ਐਸੀ ਦਾਤ ਹੈ ਜਿਸ ਨੂੰ ਧਿਆਉਣ ਨਾਲ ਵੀ ਅਤੇ ਸੁਣਨ ਨਾਲ ਵੀ ਗੱਲ ਬਣਦੀ ਹੈ। ਜਿਉਂ-ਜਿਉਂ ਤੁਸੀਂ ਸਿਮਰਨ ਕਰੋਗੇ ਤੁਹਾਡੇ ਵਿੱਚ ਹਲੀਮੀ ਅਤੇ ਨਿਮਰਤਾ ਆਵੇਗੀ।

**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**

ਫੇਰ ਸਾਡੇ ਜਨਮ-ਜਨਮਾਤਰਾਂ ਦੀ, ਪਿਛਲੇ ਜਨਮਾਂ ਦੀ ਜੋ ਮੈਲ ਹੈ ਉਹ ਵੀ ਉੱਤਰ ਜਾਂਦੀ ਹੈ। ਅਤੇ ਦਿਲ ਤੋਂ ਮਾਣ ਜਾਂਦਾ ਰਹਿੰਦਾ ਹੈ। ਪਿਛਲੀ ਤੁਕ ਵਿੱਚ ਆਇਆ ਸੀ ਕਿ

*................ ਸਭਨਾ ਨੋ ਕਰਿ ਦਾਨੁ ॥ (ਅੰਗ 135)*

ਇਸ ਤੋਂ ਕੀ ਮੁਰਾਦ ਹੈ? ਗੁਰਬਾਣੀ ਨੂੰ ਮੰਨਣ ਵਾਲਿਆਂ ਅਤੇ ਸ਼ਾਸਤਰਾਂ ਵਿੱਚ ਵੀ ਦਰਜ ਹੈ ਕੁਰਾਨ ਸ਼ਰੀਫ਼ ਦੀ ਆਇਤ 786 ਵਿੱਚ ਵੀ ਦਰਜ ਹੈ ਕਿ ਐ ਇਨਸਾਨ ਤੂੰ ਉਸ ਅੱਲਾਹ, ਗਾਡ, ਰਾਮ, ਵਾਹਿਗੁਰੂ ਤੋਂ ਕੋਈ ਇਵਜ਼ ਨਾ ਮੰਗ। ਤੂੰ ਚੋਰਾਹੇ ਵਿੱਚ ਖਲੋ ਕੇ ਲੋਕਾਂ ਨੂੰ ਗਾਈਡ ਕਰ ਕਿ ਲੋਕੋ! ਚੰਗਾਂ ਕਰਮ ਕਰਨਾ ਹੈ, ਗਲਤ ਕਰਮ ਨਹੀਂ ਕਰਨਾ, ਸਭ ਦਾ ਭਲਾ ਮੰਗਣਾ ਹੈ। ਤੂੰ ਯਸ਼ ਅਤੇ ਉਪਮਾ ਕਰਨ ਦੇ ਨਾਲ ਨਾਲ ਲੋਕਾਂ ਦੀ ਸੇਵਾ ਵੀ ਕਰਨੀ ਹੈ। ਹਸਪਤਾਲਾਂ ਵਿੱਚ ਮਰੀਜਾਂ ਲਈ ਤੁਸੀਂ ਫੁਲਕਾ ਵੀ ਪਕਾ ਕੇ ਦੇ ਸਕਦੇ ਹੋ। ਜੋ ਬੀਬੀਆਂ ਫੁਲਕਾ ਪਕਾਉਂਦੀਆਂ ਹਨ ਉਹਨਾਂ ਨੂੰ ਮਾਲਿਕ ਭਾਗ ਲਾਉਂਦੇ ਹਨ। ਜੋ ਖਾਣਾ ਖੁਆਉਂਦੇ ਹਨ ਜਾਂ ਹੋਰ ਵੀ ਮਲ੍ਹਮ ਪੱਟੀ ਕਰਦੇ ਹਨ। ਉਸ ਬਾਰੇ ਸਾਰੇ ਧਰਮ ਇਹ ਕਹਿੰਦੇ ਹਨ ਕਿ ਫੇਰ ਤੁਹਾਨੂੰ ਇਵਨਾਜਾ ਮੰਗਣ ਦੀ ਲੋੜ ਨਹੀਂ ਹੈ। ਜਦੋਂ ਤੁਸੀਂ ਇਹ ਸੇਵਾ ਕਰੋਗੇ ਤਦ ਉਹ ਵਾਹਿਗੁਰੂ ਅੱਲਾਹ, ਗਾਡ, ਰਾਮ, ਭਗਵਾਨ ਆਪ ਆ ਕੇ ਤੁਹਾਡੀ ਸਹਾਇਤਾ ਕਰਕੇ ਖ਼ੁਸ਼ੀਆਂ ਬਖਸ਼ਣਗੇ। ਸੋਈ ਮੁਸਲਮਾਨਾਂ ਨੇ ਆਪਣੇ ਘਰਾਂ ਦੇ ਬਾਹਰ 786 ਲਿਖ ਕੇ ਲਾਇਆ ਹੁੰਦਾ ਹੈ ਕਿ ਤੂੰ ਭਲਾ ਕਰ ਅਤੇ ਉਸ ਦਾ ਇਵਜਾਨਾ ਨਾ ਮੰਗ। ਜਦੋਂ ਤੂੰ ਸਿਰਜਣਹਾਰ ਤਾਕਤ ਦੇ ਬੱਚਿਆਂ ਨਾਲ ਪਿਆਰ ਕਰੇਂਗਾ ਫੇਰ ਉਹ ਤੈਨੂੰ ਆਪਣੇ ਆਪ ਹੀ ਸਭ ਕੁਝ ਦੇਵੇਗਾ। ਤੈਨੂੰ ਮੰਗਣ ਦੀ ਲੋੜ ਨਹੀਂ ਪਵੇਗੀ ਅਤੇ ਤੇਰੇ ਮਨ ਵਿੱਚੋਂ ਗੁਮਾਨ ਜਾਂਦਾ ਰਹੇਗਾ ਕਿ ਤੇਰਾ ਕੀਤਾ ਕੁਝ ਨਹੀਂ ਹੋਇਆ। ਫੇਰ ਮਨ ਵਿੱਚ ਆਵੇਗਾ ਕਿ ਹਜ਼ੂਰ ਹੀ ਸਭ ਦੇ ਪਾਲਣਹਾਰ ਹਨ। ਸਾਡਾ ਤਾਂ ਸਿਰਫ਼ ਬਹਾਨਾ ਹੈ ਕਿਉਂਕਿ ਹਜ਼ੂਰ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ

*ਕਬੀਰ ਨਾ ਹਮ ਕੀਆ ਨ ਕਰਹਿਗੇ*
*ਨਾ ਕਰਿ ਸਕੈ ਸਰੀਰੁ ॥*
*ਕਿਆ ਜਾਨਉ ਕਿਛੁ ਹਰਿ ਕੀਆ*
*ਭਇਓ ਕਬੀਰੁ ਕਬੀਰੁ ॥੬੨॥ (ਅੰਗ 1367)*

ਤਥਾ

*ਧਾਰ ਮੇਰਾ ਰੂਪ ਕਰਤ ਸਭ ਕਾਮ ਹੈ।*
*ਬੀਚ ਮੇਂ ਇਕ ਨਾਮ ਮੇਰਾ ਬਦਨਾਮ ਹੈ।*

ਸਾਰੇ ਕਹਿੰਦੇ ਹਨ ਕਿ ਬਾਬਾ ਜੀ ਦਾ ਹਸਪਤਾਲ ਹੈ। ਰਾਤੀਂ ਬੇਟੀਆਂ ਵੀ ਕਹਿੰਦੀਆਂ ਸਨ ਕਿ ਬਾਬਾ ਜੀ ਦੇ ਕਾਲਜ ਵਿੱਚ ਪੜ੍ਹਨਾ ਹੈ। ਕਾਲਜ ਬਾਬਾ ਜੀ ਦਾ ਨਹੀਂ ਹੈ, ਕਾਲਜ ਸੰਗਤ ਦਾ ਹੈ ਜਿਹੜੀ ਸਾਰੇ ਕੰਮ ਕਰ ਰਹੀ ਹੈ। ਅਸੀਂ ਤਾਂ ਜ਼ਿੰਦਗੀ ਵਿੱਚ ਇੱਕ ਦੋ ਵਾਰ ਇੱਟ ਚੁੱਕ ਕੇ ਰੱਖ ਦਿੱਤੀ ਹੋਵੇਗੀ। ਲੜਦੀ ਫੌਜ ਹੈ ਪਰ ਨਾਮ ਸਰਦਾਰ/ਹੈੱਡ ਦਾ ਹੋ ਜਾਂਦਾ ਹੈ। ਵਾਸਤਵ ਵਿੱਚ ਕਰਨ ਵਾਲੇ ਹਜ਼ੂਰ ਹਨ ਜੋ

ਸੰਗਤ ਵਿੱਚ ਵੱਸ ਕੇ ਆਪ ਸਭ ਕੁਝ ਕਰਦੇ ਹਨ। ਹੁਣ ਪਿੱਛੇ ਪਿੱਲਰ ਖੜੇ ਹੋ ਰਹੇ ਹਨ। ਸੰਗਤ ਉੱਥੇ ਸੇਵਾ ਕਰ ਰਹੀ ਹੈ। ਨਾਲ ਦੀ ਨਾਲ ਸਤਿਸੰਗ ਵੀ ਸੁਣ ਰਹੀ ਹੈ। ਹਜ਼ੂਰ ਉਹਨਾਂ ਉੱਪਰ ਬਖਸ਼ਿਸ਼ ਕਰਨ। ਹੁਣ ਕੱਲ ਨੂੰ ਤੁਸੀਂ ਕਹੋ ਕਿ ਬਾਬਾ ਜੀ ਨੇ ਬਿਲਡਿੰਗ ਬਹੁਤ ਜਲਦੀ ਬਣਾ ਦਿੱਤੀ ਹੈ। ਬਾਬਾ ਜੀ ਨੇ ਕਿੱਥੋਂ ਬਣਾ ਦਿੱਤੀ?

ਅੱਜ ਸੰਗ੍ਰਾਦ ਹੋਣ ਕਾਰਨ ਘਰਵਾਲੀ ਨੇ ਪੁਰਾਣੀ ਪੰਰਮਪਰਾ ਅਨੁਸਾਰ ਸਾਗ ਰਿੱਧਾ ਸੀ। ਉਹ ਸਾਗ ਵੀ ਲੈ ਆਈ, ਖਿੱਚੜੀ ਵੀ ਲੈ ਆਈ, ਥੋੜ੍ਹਾ ਜਿਹਾ ਪ੍ਰਸ਼ਾਦ ਵੀ ਲੈ ਆਈ। ਅਸੀਂ ਖਿੱਚੜੀ ਨਾਲ ਥੋੜ੍ਹਾ ਜਿਹਾ ਦਹੀ ਖਾ ਲਿਆ। ਜਿਸ ਨੇ ਕਦੇ ਦਹੀ ਨਾ ਖਾਧਾ ਹੋਵੇ ਉਸਨੂੰ ਬਹੁਤ ਸੁਸਤੀ ਪੈਂਦੀ ਹੈ। ਅਸੀਂ ਸੋਚੀਏ ਕਿ ਸਾਨੂੰ ਕੀ ਹੋ ਰਿਹਾ ਹੈ। ਪੈਰ ਵੀ ਸੌਂ ਰਹੇ ਹਨ, ਨੀਂਦ ਵੀ ਆ ਰਹੀ ਹੈ ਅਤੇ ਸਰੀਰ ਦੀ ਟੁੱਟ-ਭੱਜ ਵੀ ਹੋ ਰਹੀ ਹੈ। ਅਸੀਂ ਕਦੇ ਆਪਣੀ ਨਬਜ ਦੇਖੀਏ ਕਦੇ ਬੀ.ਪੀ ਆਪਰੇਟਸ ਲਾ ਕੇ ਬਲੱਡ ਪ੍ਰੈਸ਼ਰ ਦੇਖੀਏ ਕਿ ਉਹ ਵੀ ਠੀਕ ਹੈ ਜਾਂ ਨਹੀਂ। ਫੇਰ ਅਸੀਂ ਹਜ਼ੂਰ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ! ਅਗਰ ਤੁਸੀਂ ਸੋਝੀ ਨਾ ਬਖਸ਼ੀ ਤਦ ਅਸੀਂ ਸਤਿਸੰਗ ਨਹੀਂ ਕਰ ਸਕਾਂਗੇ। ਤਦ ਹਜ਼ੂਰ ਨੇ ਹੀ ਸੋਝੀ ਬਖਸ਼ੀ ਕਿ ਅੱਜ ਖਿੱਚੜੀ ਨਾਲ ਦਹੀ ਖਾ ਲਿਆ ਹੈ। ਫੇਰ ਅਸੀਂ ਕੜਾਕੇਦਾਰ ਚਾਹ ਬਣਵਾ ਕੇ ਪੀਤੀ। ਜਿਉਂ-ਜਿਉਂ ਚਾਹ ਦਾ ਘੁੱਟ ਅੰਦਰ ਜਾਵੇ ਤਿਉਂ-ਤਿਉਂ ਅੱਖਾਂ ਖੁੱਲਦੀਆਂ ਜਾਣ। ਫੇਰ ਪਤਾ ਲੱਗਾ ਦਹੀ ਨੇ ਹੀ ਪੰਗਾ ਪਾਇਆ ਹੈ। ਹੁਣ ਦੇਖੋ ਦਹੀਂ ਕਿਹੜੀ ਐਨੀ ਵੱਡੀ ਚੀਜ ਹੈ।

ਹਜ਼ੂਰ ਨੇ ਕਿਰਪਾ ਕਰਕੇ ਆਕਸੀਜਨ ਪਲਾਂਟ ਬਖਸ਼ਿਸ਼ ਕੀਤਾ ਹੈ, ਜੈਨਰੇਟਰ ਬਖਸ਼ਿਆ ਹੈ। ਹੁਣ ਹਸਪਤਾਲ ਦੇ ਮਰੀਜਾਂ ਨੂੰ ਸ਼ੁੱਧ ਆਕਸੀਜਨ ਮਿਲਿਆ ਕਰੇਗੀ। ਉਹੋ ਹੀ ਆਕਸੀਜਨ ਦੇ ਸਿਲੰਡਰ ਤਿਆਰ ਕਰਕੇ ਇੱਥੇ ਵੀ ਅਤੇ ਮੁਸਤਫ਼ਾਬਾਦ ਵੀ ਵਰਤੇ ਜਾਇਆ ਕਰਨਗੇ। ਕੁਝ ਸਮੇਂ ਲਈ ਸਾਨੂੰ ਉਹ ਖਰਚਾ ਮਹਿਸੂਸ ਹੋਵੇਗਾ ਪਰ ਮਰੀਜਾਂ ਨੂੰ ਆਕਸੀਜਨ ਗੈਸ ਵਧੀਆਂ ਮਿਲੇਗੀ। ਸੋਈ ਅਸੀਂ ਹਰ ਤਰੀਕੇ ਨਾਲ ਦੇਖਦੇ ਰਹਿੰਦੇ ਹਾਂ ਕਿ ਕਿਸ ਤਰੀਕੇ ਨਾਲ ਮਰੀਜਾਂ ਨੂੰ ਕਿੱਥੋ ਵਧੀਆ ਸਹੂਲਤ ਦਿੱਤੀ ਜਾ ਸਕਦੀ ਹੈ। ਹਜ਼ੂਰ ਦੀ ਕਿਰਪਾ ਹੁੰਦੀ ਹੈ ਤਦ ਹੀ ਇਹ ਸੋਝੀ ਮਿਲਦੀ ਹੈ। ਇਹ ਸਾਰਾ ਕਾਰਜ ਐਡਮਨਿਸਟਰੇਸ਼ਨ ਅਤੇ ਸੰਗਤ ਹੀ ਕਰ ਰਹੀ ਹੈ। ਅਰਦਾਸ ਵਿੱਚ ਵੀ ਹਰ ਦਫ਼ਾ ਤੁਸੀਂ ਅਰਦਾਸ ਕਰਦੇ ਹੋ ਕਿ ਬਾਬਾ ਜੀ ਦੀ ਸਿਹਤ ਵਧੀਆ ਹੋਵੇ, ਇੰਸਟੀਚਿਊਸ਼ਨ ਹੋਰ ਵਧਣ। ਸਾਨੂੰ ਇਹ ਸਭ ਰੁੰਗੇ ਵਿੱਚ ਹੀ ਮਿਲ ਰਿਹਾ ਹੈ। ਕਰ ਤੁਸੀਂ ਰਹੇ ਹੋ ਪਰ ਨਾਂ ਸਾਡਾ ਵੱਜ ਰਿਹਾ ਹੈ। ਸਤਿਗੁਰ ਹੀ ਸਭ ਕੁਝ ਕਰ ਰਹੇ ਹਨ। ਜਿਸ ਤਰ੍ਹਾਂ ਵੀ ਕਰ ਰਹੇ ਹਨ ਸਤਿਗੁਰ ਹੀ ਕਰ ਰਹੇ ਹਨ ਅੱਗੇ ਤੋਂ ਵੀ ਵਧੀਆ ਹੀ ਕਰਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅੱਛਾ ਕਰਮ ਕਰਨ ਨਾਲ ਵਾਰਦ ਹੋਣ ਵਾਲਾ ਕਰਮ, ਬੀਮਾਰੀ ਐਕਸੀਡੈਂਟ ਵੀ ਹਜ਼ੂਰ ਟਾਲ ਦਿੰਦੇ ਹਨ। ਹਜ਼ੂਰ ਸੂਲੀ ਦੀ ਸੂਲ ਬਣਾ ਕੇ ਮਨ ਵਿੱਚੋਂ ਗੁਮਾਨ ਦੀ ਮੈਲ ਕੱਢ ਦਿੰਦੇ ਹਨ।

**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥**

ਜਿਸ ਤਰ੍ਹਾਂ ਕੂਕਰ ਭੌਂਕਦਾ ਹੈ ਇਸ ਤਰ੍ਹਾਂ ਲੋਭ ਕਹਿੰਦਾ ਹੈ ਕਿ ਮੈਂ ਆਹ ਵੀ ਕਰ ਲਵਾਂ ਅਤੇ ਇਨਸਾਨ ਰੂਪ ਕਰੂਪ ਚੌਵੀ ਘੰਟੇ ਦੇਖਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਅੱਛੇ ਅਮਲ ਕਰੀਏ ਫੇਰ ਅੱਖਾਂ ਮੈਲੀਆਂ ਨਹੀਂ ਹੁੰਦੀਆਂ ਅਤੇ ਜੀਵ ਰੂਪ ਕਰੂਪ ਦੇਖਣ ਤੋਂ, ਕਾਮ, ਕਰੋਧ, ਲੋਭ, ਮੋਹ ਤੋਂ ਬਚ ਜਾਂਦਾ ਹੈ। ਫਰਜ਼ ਕਰੋ ਅਗਰ ਤੁਸੀਂ ਕਿਸੇ ਲੜਕੀ ਨੂੰ ਦੇਖਦੇ ਹੋ ਅਤੇ ਉਹ ਲੜਕੀ ਤੁਹਾਡੀ ਭੈਣ ਦੀ ਉਮਰ ਦੀ ਹੈ ਤਦ ਆਪਣੀ ਭੈਣ ਦਾ ਸਰੂਪ ਅੱਗੇ ਲੈ ਆਉ। ਅਗਰ ਧੀ ਦੇ ਬਰਾਬਰ ਹੈ ਤਦ ਧੀ ਦਾ ਸਰੂਪ ਅੱਗੇ ਲੈ ਆਉ। ਅਗਰ ਪੋਤਰੀ ਜਾਂ ਦੋਹਤਰੀ ਦੀ ਉਮਰ ਦੀ ਹੈ ਤਦ ਦੋਹਤਰੀ ਦਾ ਸਰੂਪ ਅੱਗੇ ਲੈ ਆਉ। ਇਸ ਤਰ੍ਹਾਂ ਤੁਹਾਡੇ ਮਨ ਨੂੰ ਨਕੇਲ ਪਵੇਗੀ ਅਤੇ ਮਨ ਕੰਟਰੋਲ ਵਿਚ ਹੋਵੇਗਾ। ਇਹ ਸੋਚੋ ਕਿ ਅਗਰ ਕੋਈ ਸਾਡੇ ਬੱਚੇ ਵੱਲ ਇੰਝ ਦੇਖੇਗਾ ਫੇਰ ਸਾਡੇ ਮਨ ਉੱਪਰ ਕੀ ਵਾਪਰੇਗੀ। ਸਿਮਰਨ ਕਰਨ ਨਾਲ ਜੁਗਤੀ ਦਾ ਪਤਾ ਲੱਗਦਾ ਹੈ। ਅਗਰ ਕੁੱਤਾ ਵੱਢਣ ਪੈਂਦਾ ਹੈ ਤਾਂ ਉਸ ਦੇ ਮੂੰਹ ਵਿੱਚ ਕੱਪੜਾ ਜਾਂ ਲੱਕੜ ਧਕੇਲਣ ਨਾਲ ਚਊ-ਚਊ ਕਰਨੋਂ ਹਟ ਜਾਂਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੋ ਇਨਸਾਨ ਇਸ ਤਰ੍ਹਾਂ ਕਰਦੇ ਹਨ ਉਹਨਾਂ ਦਾ ਮਨ ਕਾਮ, ਕਰੋਧ ਤੋਂ ਵੀ ਬਚ ਜਾਂਦਾ ਹੈ ਅਤੇ ਲੋਭ ਤੋਂ ਵੀ ਬਚ ਜਾਂਦਾ ਹੈ। ਕਿਉਂਕਿ

*ਕਾਂਮੀ ਕਾ ਗੁਰੂ ਕਾਂਮ ਹੈ ਲੋਭੀ ਕਾ ਗੁਰੂ ਦਾਮ।*
*ਲੋਗਨ ਕੇ ਗੁਰੂ ਸੰਤ ਹੈ ਸੰਤਨ ਕਾ ਗੁਰੂ ਨਾਮ।*

ਇਨਸਾਨ ਲੋਭ ਵੱਸ ਆ ਕੇ ਵੀ ਕਈ ਵਾਰ ਭਗਤੀ ਤੋਂ ਡਿੱਗ ਜਾਂਦਾ ਹੈ। ਪਰ ਸਿਮਰਨ ਕਰਨ ਨਾਲ ਜੀਵ ਇਹਨਾਂ ਉਪਾਧੀਆਂ ਤੋਂ ਬਚ ਜਾਂਦਾ ਹੈ।

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**

ਅਗਰ ਤੁਸੀਂ ਅੱਛੇ ਅਮਲ, ਅੱਛੇ ਕਰਮ ਕਰਦੇ ਹੋ ਅੱਛੇ ਮਾਰਗ ' ਤੇ ਚੱਲਦੇ ਹੋ ਤਾਂ ਜਹਾਨ ਵਿੱਚ ਤੁਹਾਡੀ ਜੈ-ਜੈ ਕਾਰ ਹੋਵੇਗੀ। ਇਹ ਠੀਕ ਹੈ ਕਿ ਦੁਨੀਆਂ ਵਿੱਚ ਪੈਸੇ ਵਾਲੇ ਬਹੁਤ ਹੋਣਗੇ। ਇਕ ਕੇਂਦਰੀ ਮੰਤਰੀ ਨੇ ਇੱਕ ਲੱਖ ਛਿਹੱਤਰ ਹਜ਼ਾਰ ਕਰੋੜ ਦਾ ਘਪਲਾ ਕੀਤਾ ਹੈ। ਉਸ ਦੀ ਤੋਇ-ਤੋਇ ਹੋ ਰਹੀ ਹੈ ਉਸ ਨੇ ਪੈਸਾ ਚਾਹੇ ਬੈਂਕਾ ਵਿੱਚ ਯੂਰਪ ਦੀ ਸਟੇਟ ਲਕਸੰਮਬਰਗ ਵਿੱਚ ਭੇਜ ਦਿੱਤਾ ਹੋਵੇਗਾ ਜਾਂ ਹੋਰ ਕਿਤੇ ਭੇਜ ਦਿੱਤਾ ਹੋਵੇਗਾ। ਪਰ ਸਾਰੀ ਪਾਰਟੀ ਅਤੇ ਗੋਰਮਿੰਟ ਦੀ ਬਦਨਾਮੀ ਤਾਂ ਹੋ ਰਹੀ ਹੈ। ਡਾਕਟਰ ਮਨਮੋਹਨ ਸਿੰਘ ਨੂੰ ਇਮਾਨਦਾਰ ਕਹਿ ਰਹੇ ਹਨ, ਸੋਨੀਆਂ ਜੀ ਵੀ ਤਿਆਗੀ

ਹਨ, ਪਰ ਭ੍ਰਿਸ਼ਟ ਸਰਕਾਰ ਨਾਲ ਜੁੜੇ ਹੋਏ ਹਨ। ਸੋਈ ਜਦੋਂ ਕੋਈ ਜੀਵ ਗਲਤ ਕੰਮ ਕਰਦਾ ਹੈ ਨਾਮ ਸਾਰਿਆਂ ਦਾ ਹੀ ਬਦਨਾਮ ਹੁੰਦਾ ਹੈ। ਅਸੀਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਾਲ ਜੁੜੇ ਹੋਏ ਹਾਂ। ਅਗਰ ਸਾਡੇ ਕੋਲੋਂ ਕੋਈ ਛੋਟੀ ਜਿਹੀ ਵੀ ਗਲਤੀ ਹੋ ਜਾਏ ਤਦ ਤੁਸੀਂ ਸਾਰੇ ਬਦਨਾਮ ਹੋ ਜਾਵੋਗੇ ਕਿ ਤੁਹਾਡਾ ਬਾਬਾ ਆਹ ਗਲਤੀ ਕਰਦਾ ਹੈ। ਜੇਕਰ ਤੁਸੀਂ ਕੋਈ ਗਲਤੀ ਕਰੋਗੇ ਤਦ ਵੀ ਸੰਸਥਾ ਬਦਨਾਮ ਹੋਵੇਗੀ ਕਿ ਉਹ ਸੰਸਥਾਂ ਦਾ ਜੀਵ ਹੈ। ਜਦੋਂ ਤੁਸੀਂ ਅਤੇ ਅਸੀਂ ਸਾਰੇ ਹੀ ਅੱਛੇ ਅਮਲ ਕਰਾਂਗੇ ਫੇਰ ਸੰਸਥਾਂ ਦੀ ਵੀ ਅਤੇ ਮਾਲਿਕ ਦੀ ਵੀ ਜੈ-ਜੈ ਕਾਰ ਹੋਵੇਗੀ। ਅਗਰ ਕੋਈ ਬੱਚਾ ਵਧੀਆ ਪੜ੍ਹਦਾ ਹੈ, ਕੋਈ ਡਾਕਟਰ, ਇੰਜੀਨਿਅਰ ਬਣਦਾ ਹੈ ਤਦ ਸਾਰੇ ਕਹਿੰਦੇ ਹਨ ਕਿ ਉਸ ਸੰਸਥਾ ਦੇ ਬੱਚੇ ਬਹੁਤ ਲਾਇਕ ਹਨ। ਸਾਡੀ ਅਤੇ ਤੁਹਾਡੀ ਵਡਿਆਈ ਦੇ ਨਾਲ-ਨਾਲ ਸੰਸਥਾ ਦੀ ਵੀ ਵਡਿਆਈ ਹੁੰਦੀ ਹੈ। ਹਜ਼ੂਰ ਹੀ ਕਿਰਪਾ ਕਰਕੇ ਸਾਨੂੰ ਇਹ ਸੋਝੀ ਬਖਸ਼ਣ ਕਿ ਅਸੀਂ ਕੰਮ ਕਰਨ ਲੱਗੇ ਦੇਖੀਏ ਕਿ ਸਾਡੇ ਕੋਲੋਂ ਕੋਈ ਗਲਤੀ ਜਾਂ ਭੁੱਲ ਨਾ ਹੋਵੇ ਜਿਸ ਨਾਲ ਸੰਸਥਾ ਬਾਰੇ ਜਾਂ ਸਮਾਜ ਬਾਰੇ ਕੋਈ ਉਂਗਲੀ ਉੱਠੇ ਅਤੇ ਸਾਨੂੰ ਕੋਈ ਮਾੜਾ ਕਹੇ। ਕਿਉਂਕਿ

*ਮਾੜਾ ਕੁੱਤਾ ਖਸਮੇ ਗਾਲ।*

ਅਗਰ ਅਸੀਂ ਗਲਤ ਕੰਮ ਕਰਾਂਗੇ ਫੇਰ ਸਾਡੇ ਮਾਲਿਕ ਦੇ ਨਾਮ ਨੂੰ ਵੀ ਬਦਨਾਮੀ ਹੋਵੇਗੀ। ਇਸ ਕਰਕੇ ਅਸੀਂ ਵਧੀਆ ਕਰਮ ਕਰਕੇ ਸੰਸਥਾ ਦਾ ਵੀ ਨਾਮ ਉੱਚਾ ਕਰੀਏ।

**ਅਠਸਠਿ ਤੀਰਥ ਸਗਲ ਪੁੰਨ**

**ਜੀਅ ਦਇਆ ਪਰਵਾਨੁ ॥**

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਸਪੱਸ਼ਟ ਹੀ ਫੁਰਮਾਨ ਕੀਤਾ ਹੈ ਕਿ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨਾ ਅਤੇ ਇੱਕ ਜੀਵ ਉੱਪਰ ਦਇਆ ਕਰ ਦੇਣੀ ਇੱਕ ਬਰਾਬਰ ਹੈ। ਜਦੋਂ ਤੁਸੀਂ ਕਿਸੇ ਜੀਵ ਨਾਲ ਹਮਦਰਦੀ ਕਰਦੇ ਹੋ ਤਦ ਤੁਹਾਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ।

**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥**

ਸਾਰੀ ਦੁਨੀਆਂ ਸੇਵਾ ਵਿੱਚ ਨਹੀਂ ਆਉਂਦੀ ਅਤੇ ਨਾਹੀ ਸੇਵਾ ਕਰ ਸਕਦੀ ਹੈ। ਜਿਸ ਉੱਪਰ ਹਜ਼ੂਰ ਦਇਆ ਕਰਨ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥

*ਜਹ ਜਹ ਕਾਜ ਕਿਰਤਿ ਸੇਵਕ ਕੀ*

*ਤਹਾ ਤਹਾ ਉਠਿ ਧਾਵੈ ॥੧॥ (ਅੰਗ 403)*

ਉਹੋ ਹੀ ਜੀਵ ਹਸਪਤਾਲਾਂ ਵਿੱਚ ਆ ਕੇ ਮਰੀਜ਼ਾਂ ਦੀ ਸੇਵਾ ਕਰ ਸਕਦਾ ਹੈ। ਅਸੀਂ ਤੁਹਾਨੂੰ ਇਹ ਕਹਿੰਦੇ ਹਾਂ ਕਿ ਅਗਰ ਤੁਹਾਡੇ ਕੋਲੋਂ ਹੋਰ ਕੋਈ ਸੇਵਾ ਨਹੀਂ ਹੁੰਦੀ ਤਾਂ ਆਪਣੇ ਪਿੰਡ ਦੀ ਗਲੀ ਵਿੱਚ ਤੁਰੇ ਜਾਂਦਿਆਂ ਅਗਰ ਤੁਹਾਨੂੰ ਕੋਈ ਇੱਟ ਪਈ ਦਿਸਦੀ ਹੈ ਤੁਸੀਂ ਉਸ ਨੂੰ ਚੁੱਕ ਕੇ ਪਾਸੇ ਕਰ ਦਿਉ ਤਾਂ ਕਿ ਉਹ ਕਿਸੇ ਨੀਵੀਂ ਗੱਡੀ ਦੇ ਸਾਈਲੈਂਸਰ ਜਾਂ ਰੇਡੀਏਟਰ ਵਿੱਚ ਨਾ ਵੱਜ ਜਾਵੇ। ਅਗਰ ਛੋਟਾ ਰੋੜਾ ਹੈ ਉਸ ਨੂੰ ਚੁੱਕ ਦਿਉ ਉਹ ਕਿਸੇ ਗੱਡੀ ਦੇ ਟਾਇਰ ਵਿੱਚ ਵੱਜ ਕੇ ਟਾਇਰ ਫਟ ਸਕਦਾ ਹੈ। ਕੋਈ ਘੋੜਿਆਂ ਦੀ ਨਾਲ ਜਾਂ ਕਿੱਲ ਹੈ ਉਹ ਪਾਸੇ ਕਰ ਦਿਉ ਉਸ ਨਾਲ ਸਾਈਕਲ ਪੰਕਚਰ ਹੋ ਸਕਦਾ ਹੈ। ਇਸ ਤਰ੍ਹਾਂ ਸੜਕ ਵਿੱਚ ਪਈ ਚੀਜ਼ ਨੂੰ ਅਗਰ ਅਸੀਂ ਚੁੱਕ ਦਿੰਦੇ ਹੋ ਤਦ ਉਹ ਵੀ ਤੁਹਾਡੀ ਸੇਵਾ ਹੀ ਹੈ। ਕਿਉਂਕਿ ਮਾਲਿਕ ਦੇਖ ਰਹੇ ਹੁੰਦੇ ਹਨ ਕਿ ਇਹ ਕੀ ਕਰ ਰਿਹਾ ਹੈ। ਅਗਰ ਸੜਕ ਵਿੱਚ ਕਿਸੇ ਦਰੱਖਤ ਦਾ ਟਹਿਣਾ ਡਿੱਗਾ ਪਿਆ ਹੈ ਉਸ ਨੂੰ ਚੁੱਕ ਕੇ ਪਾਸੇ ਕਰ ਦਿਉ ਤਾਂ ਕਿ ਗੱਡੀਆਂ ਵਾਲਿਆਂ ਨੂੰ ਕੋਈ ਮੁਸ਼ਕਲ ਨਾ ਆਵੇ। ਮਾਲਿਕ ਸਭ ਦੇਖਦੇ ਹਨ ਕਿਉਂਕਿ

*ਘਟ ਘਟ ਕੇ ਅੰਦਰ ਕੀ ਜਾਨਤ।*

*ਭਲੇ ਬੁਰੇ ਕੀ ਪੀਰ ਪਛਾਨਤ।*

ਤਥਾ

*ਕੀੜੀ ਕੇ ਪਗ ਪਰ ਬਾਜੇ ਤੋ ਭੀ ਸਾਹਿਬ ਸੁਨਤਾ ॥*

ਕੀੜੀ ਦੀ ਲੱਤ ਜੋ ਕਿ ਮਾਈਕਰੋਸਕੋਪ ਨਾਲ ਦੇਖੀ ਜਾ ਸਕਦੀ ਹੈ ਉਸ ਉੱਪਰ ਬੱਝਾ ਹੋਇਆ ਘੁੰਗਰੂ ਵੀ ਮਾਲਿਕ ਦੇ ਦਰਬਾਰ ਵਿੱਚ ਸੁਣਦਾ ਹੈ। ਇਸ ਕਰਕੇ ਆਪਣਾ ਅਕੀਦਾ ਬਣਾ ਲਈਏ। ਪਿਛਲੇ ਸਮੇਂ ਵਿੱਚ ਜਦੋਂ ਕਿਸੇ ਦੀ ਇੰਟਰਵਿਊ ਹੁੰਦੀ ਸੀ ਤਾਂ ਉਸ ਕੈਂਡੀਡੇਟ ਦੇ ਰਸਤੇ ਵਿੱਚ ਪੱਗ ਨੂੰ ਲਾਉਣ ਵਾਲੀਆਂ ਪਿੰਨਾਂ ਸੁੱਟ ਦਿੱਤੀਆਂ ਜਾਂਦੀਆਂ ਸਨ ਕਿ ਇਹ ਦੇਖ ਕੇ ਚੁੱਕਦਾ ਹੈ ਜਾਂ ਨਹੀਂ। ਕਿਉਂਕਿ ਜੀਵ ਦੀ ਕਾਮਨਸੈਂਸ ਵੀ ਦੇਖੀ ਜਾਂਦੀ ਹੈ। ਅਸੀਂ ਆਪਣੇ ਘਰ ਵੀ, ਸੰਗਤ ਦੇ ਘਰ ਵੀ ਅਤੇ ਵਿਦੇਸ਼ਾਂ ਵਿੱਚ ਵੀ ਜਾ ਕੇ ਦੇਖਿਆ ਹੈ ਕਿ ਜਿਸ ਘਰ ਵਿੱਚ ਲੜਕੀਆਂ ਹੋਣ ਉੱਥੇ ਡਰਾਇੰਗ ਰੂਮ, ਬੈੱਡ ਰੂਮ ਵਿੱਚ ਬਹੁਤ ਸਫਾਈ ਹੁੰਦੀ ਹੈ। ਪਰ ਜਿਸ ਘਰ ਵਿੱਚ ਮੁੰਡੇ ਹੁੰਦੇ ਹਨ ਉੱਥੇ ਪੈਂਟ ਕਿਤੇ ਪਈ ਹੁੰਦੀ ਹੈ, ਸ਼ਰਟ ਕਿਤੇ ਪਈ ਹੁੰਦੀ ਹੈ, ਬੂਟ ਕਿਤੇ ਪਏ ਹਨ, ਪੜ੍ਹਾਈ ਵਾਲਾ ਬੈਗ ਗੇਟ ਕੋਲ ਹੀ ਪਿਆ ਹੁੰਦਾ ਹੈ। ਪਹਿਲੀ, ਦੂਜੀ, ਤੀਜੀ, ਚੌਥੀ, ਪੰਜਵੀਂ, ਛੇਵੀਂ, ਸੱਤਵੀਂ, ਅੱਠਵੀਂ ਤੱਕ ਦੇ ਲੜਕੇ ਆਪਣਾ ਬੈਗ ਰਸਤੇ ਵਿੱਚ ਵੀ ਸੁੱਟ ਦਿੰਦੇ ਹਨ। ਲੜਕੀਆਂ ਆਪਣਾ ਬੈਗ ਅੰਦਰ ਲਿਆ ਕੇ ਰੱਖਦੀਆਂ ਹਨ। ਮਾਂ, ਪਿਉ, ਵੱਡੀ ਭੈਣ, ਭਰਾ, ਚਾਚਾ, ਦਾਦਾ, ਨਾਨਾ, ਨਾਨੀ ਉਸ ਬੈਗ ਨੂੰ ਚੁੱਕ ਕੇ ਲਿਆਉਂਦੇ ਫਿਰਨਗੇ। ਬਲਕਿ ਕਹਿਣਗੇ ਚਲੋ ਘਰ ਤਾਂ ਲੈ ਆਇਆ ਹੈ ਪਰ ਲੜਕੀ ਨੂੰ ਫੇਰ ਵੀ ਟੋਕੀ ਜਾਣਗੇ ਕਿ ਤੂੰ ਕੋਠੇ ਜਿੱਡੀ ਹੋਈ ਏਂ ਤੇਰੇ ਕੋਲੋਂ ਵੀਰ ਦਾ ਬੈਗ ਵੀ ਨਹੀਂ ਚੁੱਕਿਆ ਜਾਂਦਾ। ਪਰ ਲੜਕੀਆਂ ਨੂੰ ਪ੍ਰਮਾਤਮਾ ਨੇ ਕੁਦਰਤੀ ਤੌਰ ਤੇ ਹੀ ਕਾਮਨ ਸੈਂਸ ਜ਼ਿਆਦਾ ਬਖਸ਼ੀ ਹੁੰਦੀ ਹੈ। ਸਾਡੇ

ਸਮਾਜ ਵਿਚ ਪੁਰਸ਼ ਪ੍ਰਧਾਨਗੀ ਹੈ ਹੋਰ ਕੋਈ ਗੱਲ ਨਹੀਂ ਹੈ। ਉਹ ਬੈਗ ਅਗਾਂਹ ਲੈ ਆਉਣਗੇ ਫੇਰ ਕੀ ਫਰਕ ਪੈਂਦਾ ਹੈ ਅਗਰ ਨਾ ਲਿਆਉਣਗੇ ਫੇਰ ਕੀ ਫਰਕ ਪੈਂਦਾ ਹੈ। ਮਾਲਿਕ ਦੇਖਦੇ ਹਨ ਅਤੇ ਹਰ ਜੀਵ ਨੂੰ ਇੱਕਲੇ ਇੱਕਲੇ ਅਮਲ ਦੀਆਂ ਖੁਸ਼ੀਆਂ ਅਤੇ ਇਵਜਾਨਾ ਬਖਸ਼ਦੇ ਹਨ।

**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥**

ਜਿਸ ਨੂੰ ਆਪਣੇ ਸਾਧੂ ਮਿਲ ਜਾਣ, ਆਪਣੇ ਤੋਂ ਭਾਵ ਹੈ ਜੋ ਦੋਸਤਾਂ ਵਾਂਗ ਹੋਣ। ਸਾਧੂ ਕਦੇ ਵੀ ਸੰਗਤ ਨਾਲ ਹਿਸਾਬ ਨਹੀਂ ਰੱਖਦੇ।

*ਯਾਰ ਕੀ ਤੇ ਹਿਸਾਬ ਕੀ।*

ਅਤੇ ਨਾ ਹੀ ਕਦੇ ਸੰਗਤ ਹਿਸਾਬ ਰੱਖਦੀ ਹੈ। ਜਿਹਨਾਂ ਨੂੰ ਐਸਾ ਪਿਆਰਾ ਐਸਾ ਗਾਈਡ ਮਿਲ ਜਾਵੇ ਉਹਨਾਂ ਤੋਂ ਕੁਰਬਾਨ ਜਾਉ। ਕਿਉਂਕਿ

*ਜੈਸੇ ਜਿਸਕੋ ਸਤਿਗੁਰ ਮਿਲੇ*

*ਤੈਸੇ ਤਿਸ ਕੇ ਭਾਗ।*

ਜੀਵ ਦੇ ਅੰਦਰ ਐਸੇ ਹਾਰਮੋਨਜ਼ ਹੁੰਦੇ ਹਨ ਕਿ ਅਗਰ ਅਸੀਂ ਮਾੜਾ ਕੰਮ ਕਰਨ ਲੱਗ ਪਈਏ ਤਦ ਉਹ ਹਾਰਮੋਨਜ਼ ਮਾੜੇ ਕੰਮ ਲਈ ਵਧਦੇ ਹਨ ਕਿ ਬੱਲੇ ਬੱਲੇ

*ਲਿਖਿਆ ਵਿੱਚ ਕਿਤਾਬਾਂ*

*ਪੁੱਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸ਼ਰਾਬਾਂ।*

ਬੱਲੇ ਓਏ ਮੰਨ ਗਏ ਓਏ! ਸ਼ਰੀਕ ਹੋਰ ਥਾਪੜਾ ਦੇ ਦਿੰਦੇ ਹਨ ਕਿ ਤੈਨੂੰ ਚੰਗੀ ਜਨਣੀ ਨੇ ਜਣਿਆ ਹੈ। ਉਹ ਤਾਂ ਕਹਿੰਦੇ ਹਨ ਕਿ ਕੱਲ ਹੋਰ ਪੀ ਕੇ ਆਵੇ, ਸਿਰ ਪੜਵਾਵੇ ਅਤੇ ਜੇਲ੍ਹ ਵਿੱਚ ਜਾਵੇ। ਸੋਈ ਅੱਛੀ ਸੰਗਤ, ਅੱਛੀ ਸੋਭਾ, ਅੱਛੀ ਸਿੱਖਿਆ, ਅੱਛੀ ਪ੍ਰੇਰਨਾ ਭਾਗਾਂ ਨਾਲ ਮਿਲਦੀ ਹੈ। ਜਿਨ੍ਹਾਂ ਨੂੰ ਅੱਛਾ ਗਾਈਡ, ਅੱਛਾ ਮੀਡੀਏਟਰ, ਅੱਛਾ ਮੈਂਟਰ ਮਿਲ ਜਾਂਦਾ ਹੈ ਅਤੇ ਸਹੀ ਗਾਈਡ ਕਰਦਾ ਹੈ ਤਾਕਿ ਜੀਵ ਅੱਛੇ ਰਸਤੇ ਚੱਲੇ, ਉਹਨਾਂ ਤੋਂ ਕੁਰਬਾਨ ਜਾਉ।

**ਮਾਘਿ ਸੁਚੇ ਸੇ ਕਾਂਢੀਅਹਿ**

**ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਸ ਜੀਵ ਉੱਪਰ ਹਜ਼ੂਰ ਅਪਾਰ ਮਿਹਰਬਾਨ ਹੋਣ ਉਸ ਦੀ ਆਤਮਾ ਇਸ ਮਹੀਨੇ ਵਿੱਚ ਉੱਚੀ ਅਤੇ ਸੁੱਚੀ ਹੋ ਕੇ ਨਿਕਲਦੀ ਹੈ। ਅਸੀਂ ਬਾਰ-ਬਾਰ ਸਾਰੀ ਸੰਗਤ ਨੂੰ ਕਹਿੰਦੇ ਹਾਂ ਕਿ ਤੁਸੀਂ ਅਧਿਆਪਕਾਂ ਦਾ ਸਤਿਕਾਰ ਕਰੋ। ਕਿਉਂਕਿ ਉਹਨਾਂ ਨੇ ਤੁਹਾਡੇ ਬੱਚਿਆਂ ਨੂੰ ਕੇਵਲ ਅੱਛੀ ਵਿਦਿਆ ਹੀ ਨਹੀਂ ਦੇਣੀ ਉਹਨਾਂ ਨੂੰ ਅੱਛੇ ਮਨੁੱਖ ਵੀ ਬਣਾਉਣਾ ਹੈ। ਰਾਜੇ ਮਹਾਰਾਜੇ ਵੀ ਆਪਣੇ ਗੁਰੂ ਦਾ, ਅਧਿਆਪਕ ਦਾ ਸਤਿਕਾਰ ਕਰਦੇ ਸਨ। ਅਧਿਆਪਕ ਸਾਡੇ ਵਾਰਿਸ ਬਣਾਉਂਦੇ ਹਨ। ਅਗਰ ਅਧਿਆਪਕ ਵਧੀਆ ਨਾ ਹੋਇਆ ਅਤੇ ਉਸ ਨੇ ਸਾਡਾ ਮੁੰਡਾ ਵਧੀਆ ਇਨਸਾਨ ਨਾ ਬਣਾਇਆ ਤਾਂ ਉਸ ਮੁੰਡੇ ਨੇ ਸਾਡਾ ਸਾਰਾ ਘਰ ਬਾਰ ਸਭ ਕੁਝ ਵੇਚ ਦੇਣਾ ਹੈ, ਕੋਠੀਆਂ, ਕਾਰਖਾਨੇ, ਜਮੀਨਾਂ, ਜਾਇਦਾਦਾਂ, ਸੈਲਰ ਸਭ ਵੇਚ ਦੇਣੇ ਹਨ। ਅਗਰ ਅਧਿਆਪਕ ਵਧੀਆ ਹੋਇਆ ਅਤੇ ਉਸ ਨੇ ਸਾਡਾ ਬੱਚਾ ਲਾਇਕ ਬਣਾ ਦਿੱਤਾ ਫੇਰ ਉਸ ਨੇ ਸਭ ਕੁਝ ਖਰੀਦ ਲੈਣਾ ਹੈ। ਸੋਈ ਆਪਾਂ ਅਧਿਆਪਕ ਦਾ ਦੇਣ ਨਹੀਂ ਦੇ ਸਕਦੇ। ਸਾਧੂ ਵੀ ਅਧਿਆਪਕ ਹੁੰਦੇ ਹਨ, ਟਿਊਟਰ ਹੁੰਦੇ ਹਨ। ਉਹ ਜੀਵ ਨੂੰ ਸਹੀ ਗਾਈਡ ਕਰਦੇ ਹਨ ਕਿ ਤੇਰਾ ਇਸ ਕੰਮ ਵਿੱਚ ਭਲਾ ਹੈ। ਗਾਈਡ ਕਰਨ ਵਾਲਾ ਵਧੀਆ ਗਾਈਡੈਂਸ ਦਿੰਦਾ ਹੈ ਪਰ ਉਸ ਨੂੰ ਸੁਣਨ ਵਾਲੇ ਬਹੁਤ ਘੱਟ ਹੁੰਦੇ ਹਨ। ਅਗਰ ਕਿਸੇ ਦੇ ਸ਼ਰਾਬ ਪੀਣ ਵਾਲੇ ਬੱਚੇ ਨੂੰ ਕੋਈ ਟੋਕਦਾ ਹੈ ਤਦ ਬੱਚੇ ਨੂੰ ਉਹ ਜੀਵ ਜਹਿਰ ਵਾਂਗ ਲੱਗਦਾ ਹੈ ਕਿ ਮੈਨੂੰ ਕਿਉਂ ਟੋਕਦਾ ਹੈ। ਪਰ ਜਿਹੜਾ ਕਹਿੰਦਾ ਹੈ ਕਿ ਸ਼ਾਬਾਸ਼, ਬੱਲੇ ਬੱਲੇ, ਤੂੰ ਹੀ ਇਸ ਖਾਨਦਾਨ ਵਿੱਚ ਵਧੀਆ ਕੰਮ ਕਰ ਰਿਹਾ ਏਂ। ਉਸ ਜੀਵ ਉੱਪਰ ਉਹ ਬੱਚਾ ਬਹੁਤ ਖੁਸ਼ ਹੁੰਦਾ ਹੈ ਵਾਸਤਵ ਵਿੱਚ ਝੂਠ ਮਿੱਠਾ ਅਤੇ ਸੱਚ ਕੌੜਾ ਲੱਗਦਾ ਹੈ ਪਰ ਬਾਅਦ ਵਿੱਚ

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥*

ਸੱਚੇ ਮਾਰਗ ਤੇ ਚੱਲਣਾ ਕਠਿਨ ਜ਼ਰੂਰ ਹੈ ਪਰ ਉਹ ਬਿਹਤਰ ਹੁੰਦਾ ਹੈ। ਇਸ ਕਰਕੇ ਉਹਨਾਂ ਤੋਂ ਕੁਰਬਾਨ ਜਾਉ ਜੋ ਤੁਹਾਨੂੰ ਸਹੀ ਰਸਤਾ ਦੱਸਦੇ ਹਨ । ਉਹਨਾਂ ਨਾਲ ਈਰਖਾ, ਵਿਰੋਧਤਾ ਨਾ ਕਰੋ ਉਹਨਾਂ ਨਾਲ ਗੁੱਸੇ ਨਾ ਹੋਵੋ। ਉਸ ਨੂੰ ਕਹੋ ਕਿ ਤੇਰਾ ਧੰਨਵਾਦ ਜੋ ਤੂੰ ਮੈਨੂੰ ਸਹੀ ਰਸਤੇ ਪਾਇਆ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਸਾਧੂ ਮਿਹਰਬਾਨ ਹੋਣ ਤਾਂ ਜੀਵ ਨੂੰ ਇਸ ਦੁਨੀਆਂ ਦੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਭਵ ਸਾਗਰ ਤੋਂ ਸੁਚੀਆਂ ਸੁਰਤਾਂ ਇੱਥੋਂ ਜ਼ਿੰਦਗੀ ਬਤੀਤ ਕਰਕੇ ਜਾਂਦੀਆਂ ਹਨ ਅਤੇ ਗੁਰੂ ਘਰ ਦੀ ਸ਼ਰਨ ਪ੍ਰਾਪਤ ਕਰਦੀਆਂ ਹਨ।

ਸੋਈ ਮਾਘ ਦਾ ਮਹੀਨਾ ਸ਼ੁਕਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ ਅਤੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਐਸਾ ਨਹੀਂ ਹੈ ਕਿ ਅਗਰ ਬਚਨ ਆਏ ਹਨ ਕਿ ਜੋ ਜੀਵ ਮਾਘ ਦੇ ਮਹੀਨੇ ਵਿੱਚ ਸਿਮਰਨ ਕਰਦੇ ਹਨ ਉਹਨਾਂ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ ਅਤੇ ਆਪਾਂ ਨਹਾਉਣਾ ਹੀ ਬੰਦ ਕਰ ਦੇਈਏ ਕਿ ਮਾਘ ਦੇ ਮਹੀਨੇ ਵਿੱਚ ਸਿਮਰਨ ਹੀ ਕਰ ਲਈਏ, ਨਹਾਉਣ ਦੀ ਕੀ ਲੋੜ ਹੈ। ਇਸ ਤਰ੍ਹਾਂ ਭਈਏ ਵੀ ਕਿਤੇ ਸੁਣ ਕੇ ਗਏ ਸਨ ਕਿ ਅਗਰ ਸਤਿਸੰਗ ਸੁਣ ਲਈਏ ਤਦ ਨਹਾਉਣ ਦੀ ਲੋੜ ਨਹੀਂ ਪੈਂਦੀ। ਉਹ ਬਿਹਾਰ ਦੇ ਭਈਏ ਗੰਗਾ ਕਿਨਾਰੇ ਨਹਾਉਣ ਲਈ ਚਲੇ ਗਏ। ਜਦੋਂ ਉਹਨਾਂ ਨੇ ਪਾਣੀ ਨੂੰ ਹੱਥ ਲਾਇਆ ਤਦ ਪਾਣੀ

Monthly GURBANI UPMA Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਬਹੁਤ ਠਰਿਆ ਲੱਗਾ। ਤਦ ਭਈਆ ਸੋਚਣ ਲੱਗਾ ਕਿ ਹੁਣ ਕਿਹੜਾ ਤਰੀਕਾ ਵਰਤੀਏ ਜਿਸ ਨਾਲ ਇਸ਼ਨਾਨ ਵੀ ਹੋ ਜਾਵੇ ਅਤੇ ਠੰਡੇ ਪਾਣੀ ਵਿੱਚ ਨਹਾਉਣ ਤੋਂ ਵੀ ਬਚ ਜਾਈਏ। ਉਸ ਭਈਏ ਨੇ ਇੱਕ ਛੋਟਾ ਜਿਹਾ ਪੱਥਰ ਫੜ ਕੇ ਗੰਗਾ ਵਿੱਚ ਸੁੱਟ ਦਿੱਤਾ ਅਤੇ ਕਹਿਣ ਲੱਗਾ

*ਕੰਕਰ ਇਸ਼ਨਾਨਾ ਹਮ ਇਸ਼ਨਾਨਾ।*

ਕਿ ਮੈਂ ਆਪਣੇ ਹੱਥ ਨਾਲ ਫੜ ਕੇ ਪੱਥਰ ਗੰਗਾ ਵਿੱਚ ਸੁੱਟਿਆ ਹੈ। ਉਸ ਪੱਥਰ ਨੇ ਇਸ਼ਨਾਨ ਕਰ ਲਿਆ ਤਾਂ ਮੈਂ ਵੀ ਇਸ਼ਨਾਨ ਕਰ ਲਿਆ। ਬਾਕੀ ਸਾਰੇ ਭਈਏ ਉਸ ਭਈਏ ਨੂੰ ਜੱਫੀਆਂ ਪਾਈ ਜਾਣ ਕਿ

*ਤੁਮ ਇਸ਼ਨਾਨਾ ਹਮ ਇਸ਼ਨਾਨਾ।*
*ਤੁਮ ਇਸ਼ਨਾਨਾ ਹਮ ਇਸ਼ਨਾਨਾ।*

ਕਿ ਤੂੰ ਨਹਾ ਲਿਆ ਹੈ ਅਤੇ ਅਸੀਂ ਤੈਨੂੰ ਜੱਫੀ ਪਾ ਲਈ ਹੈ ਅਸੀਂ ਵੀ ਨਹਾ ਲਿਆ ਹੈ। ਐਸਾ ਨਾ ਕਰਕੇ ਸਾਨੂੰ ਇਸ਼ਨਾਨ ਕਰਨਾ ਚਾਹੀਦਾ ਹੈ। ਜਿਸ ਦੇਹ ਵਿੱਚ ਸਤਿਗੁਰ ਵੱਸਦੇ ਹਨ ਉਸ ਦੇਹ ਨੂੰ ਸਾਫ ਰੱਖਣਾ ਚਾਹੀਦਾ ਹੈ।

*ਗੁਰ ਸਤਿਗੁਰ ਕਾ ਜੋ ਸਿਖ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥*

*(ਅੰਗ 305-306)*

ਇਹ ਤਾਂ ਭਈਆ ਦੀ ਗੱਲ ਸੀ। ਸਾਡੇ ਪੰਜਾਬੀਆਂ ਨੂੰ ਵੀ ਕਿਸੇ ਨੇ ਪੁੱਛਿਆ ਕਿ ਤੁਸੀਂ ਕਿੰਨਾ ਕੁ ਇਸ਼ਨਾਨ ਕਰਦੇ ਹੋ? ਉਹ ਸੋਚ ਕੇ ਕਹਿਣ ਲੱਗਾ ਕਿ

*ਪੰਜ ਇਸ਼ਨਾਨਾ ਮਹਾਂ ਗਿਆਨਾ*
*ਨਿਤ ਨਹਾਉਣ ਦਲਿੱਦਰੀ।*
*ਪੰਜੀਂ ਸੱਤੀਂ ਗੁਰਮੁਖ ਨਹਾਵੇ ਸਾਲ ਪਿਛੋਂ ਉੱਦਮੀ।*

ਜੋ ਜੀਵ ਚੁਲੀ ਕਰ ਲਵੇ ਅਤੇ ਆਪਣੇ ਉਪਰੋਂ ਦੀ ਪਾਣੀ ਦੇ ਛਿੱਟੇ ਸੁੱਟ ਲਵੇ ਉਹ ਪੰਜ ਇਸ਼ਨਾਨਾ ਹੈ ਅਤੇ ਪੰਜ ਇਸ਼ਨਾਨਾ ਕਰਨਾ ਮਹਾਂ ਗਿਆਨ ਦੀ ਗੱਲ ਹੈ। ਜੋ ਜੀਵ ਰੋਜ਼ ਨਹਾਉਂਦੇ ਹਨ ਉਹ ਦਲਿੱਦਰੀ ਹੁੰਦੇ ਹਨ। ਉਹ ਦਲਿਦਰ ਉਤਾਰਨ ਲਈ ਰੋਜ ਨਹਾਉਂਦੇ ਹਨ ਅਤੇ ਉਦਮੀ ਉਹ ਹੈ ਜੋ ਸਾਲ ਬਾਅਦ ਨਹਾਉਂਦਾ ਹੈ। ਅਸੀਂ ਉਹਨਾਂ ਦੀ ਗੱਲ ਨਹੀਂ ਮੰਨਣੀ। ਅਸੀਂ ਇਸ਼ਨਾਨ ਵੀ ਰੋਜ਼ ਕਰਨਾ ਹੈ, ਕਿਰਿਆ ਵੀ ਸਾਧਣੀ ਹੈ ਅਤੇ ਸਿਮਰਨ ਵੀ ਰੋਜ਼ ਕਰਨਾ ਹੈ।

ਹਜ਼ੂਰ ਕਿਰਪਾ ਅਤੇ ਬਖਸ਼ਿਸ਼ ਕਰਨ। ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ ਬਖਸ਼ਣ ਅਤੇ ਮਾਘ ਦਾ ਮਹੀਨਾ ਸੁੱਖਾਂ ਭਰਿਆ ਆਵੇ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ ਵਿੱਚ ਹੋਣ ਕਾਰਨ ਜਾਂ ਸੇਵਾ ਵਿੱਚ ਲੱਗੀ ਹੋਣ ਕਾਰਨ ਨਹੀਂ ਆ ਸਕੀ ਹਜ਼ੂਰ ਉਹਨਾਂ ਦੀਆਂ ਵੀ ਹਾਜ਼ਰੀਆਂ ਕਬੂਲ ਕਰਕੇ ਉਹਨਾਂ ਨੂੰ ਵੀ ਖੁਸ਼ੀਆਂ ਬਖਸ਼ਣ।

*ਪ੍ਰਿੰਟਰ, ਪਬਿਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ: 0181-2481500, 0181-2999777
www.sglhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** **ਜਿਲਦ-23 ਅੰਕ 11** **ਜਨਵਰੀ : 2011** **ਕੀਮਤ : 6 ਰੁਪੈ**